MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 02 SATURDAY, 08 JANUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਕੈਬਨਿਟ ਮੰਤਰੀ ਹੈਰੀ ਬੈਂਸ ਵੱਲੋਂ ਮੇਅਰ ਲਈ ਚੋਣ ਮੈਦਾਨ 'ਚ ਆਉਣ ਦੀਆਂ ਤਿਆਰੀਆਂ



ਵੈਨਕੂਵਰ-ਸਰੀ-ਨਿਊਟਨ ਤੋਂ ਐਨ ਡੀ ਪੀ ਐਮ ਐਲ ਏ ਤੇ ਲੇਬਰ ਮੰਤਰੀ ਹੈਰੀ ਬੈਂਸ ਦਾ ਕਹਿਣਾ ਹੈ ਕਿ ਉਸ ਨੂੰ ਅਕਤੂਬਰ ਵਿਚ ਸਰੀ ਦੀਆਂ ਅਗਲੀਆਂ ਨਗਰ ਨਿਗਮ ਚੋਣਾਂ ਵਿਚ ਮੇਅਰ ਦੀ ਚੋਣ ਲੜਨ ਦੀ ਅਪੀਲ ਕੀਤੀ ਜਾ ਰਹੀ ਹੈ। ਤਜਰਬੇਕਾਰ ਸਿਆਸਤਦਾਨ ਦਾ ਕਹਿਣਾ ਕਿ ਉਹ ਇਸ ਬਾਰੇ ਸੋਚਣਗੇ ਪਰ ਉਨ੍ਹਾਂ ਦਾ ਧਿਆਨ ਸੂਬਾ ਸਿਆਸਤ 'ਤੇ ਰਹੇਗਾ। ਉਨ੍ਹਾਂ ਇਕ ਸਥਾਨਕ ਅਖਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੀਆਂ ਤਰਜੀਹਾਂ ਵਿਚ ਨੰਬਰ ਇਕ ਤਰਜੀਹ (ਬਾਕੀ ਸਫ਼ਾ 8 'ਤੇ)

## ਕਾਰੋਬਾਰੀ ਮਾਲਕਾਂ ਨੂੰ ਵੱਡੇ ਪੱਧਰ 'ਤੇ ਕੋਵਿਡ ਦਾ ਸਾਹਮਣਾ ਕਰਨ ਦੀ ਤਿਆਰੀ ਲਈ ਚਿਤਾਵਨੀ

ਵੈਨਕੂਵਰ-ਬੀਸੀ ਦੇ ਕਾਰੋਬਾਰੀਆਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਕਿਸੇ ਵੀ ਦਿਨ ਇਕ ਤਿਹਾਈ ਤੋਂ ਵੀ ਜ਼ਿਆਦਾ ਕਾਮਿਆਂ ਦੇ ਬਿਮਾਰ ਹੋਣ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਕਿਉਂਕਿ ਬਹੁਤ ਜ਼ਿਆਦਾ ਤੇਜ਼ੀ ਨਾਲ ਫੈਲਣ ਵਾਲਾ ਕੋਵਿਡ-19 ਦਾ ਓਮੀਕਰੋਨ ਵੇਰੀਐਂਟ ਪੂਰੇ ਸੂਬੇ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਕਿਹਾ ਕਿ ਕਾਰੋਬਾਰੀ ਮਾਲਕਾਂ ਨੂੰ ਸਟਾਫ ਦੀ ਘਾਟ ਕਾਰਨ ਕਾਰੋਬਾਰ ਬੰਦ ਹੋਣ ਤੋਂ ਰੋਕਣ ਲਈ ਆਪਣੀਆਂ ਕੋਵਿਡ ਸੁੱਰਖਿਆ ਯੋਜਨਾਵਾਂ ਨੂੰ ਮੁੜ ਤੋਂ ਅਮਲ ਵਿਚ ਲਿਆਉਣਾ ਚਾਹੀਦਾ ਹੈ ਪਰ ਇਸ ਨੂੰ (ਬਾਕੀ ਸਫ਼ਾ 8 'ਤੇ)

# ਕੋਵਿਡ ਮਹਾਂਮਾਰੀ ਦੇ ਮੁੜ ਦਬਾਅ ਕਾਰਨ ਕੈਨੇਡਾ ਦੀ ਸਪਲਾਈ ਚੇਨ ਵਿਚ ਰੁਕਾਵਟ



ਓਟਵਾ-ਓਮੀਕਰੋਨ ਦੇ ਤੇਜ਼ੀ ਨਾਲ ਫੈਲਣ ਕਾਰਨ ਦੇਸ਼ ਭਰ ਦੇ ਕਈ ਸੈਕਟਰਾਂ ਵਿਚ ਸਟਾਫ ਦੀ ਘਾਟ ਪੈਦਾ ਹੋ ਰਹੀ ਹੈ ਜਿਸ ਨਾਲ ਸਪਲਾਈ ਚੇਨਜ ਵਿਚ ਰੁਕਾਵਟ ਪਈ ਹੈ ਜਦਕਿ ਕੋਵਿਡ-19 ਦੀ ਲਾਗ ਕਾਮਿਆਂ ਵਿਚ ਵਧ ਰਹੀ ਹੈ। ਸ਼ਹਿਰੀ ਸੇਵਾਵਾਂ ਤੋਂ ਟਰਾਂਸਪੋਰਟੇਸ਼ਨ ਅਤੇ ਗਰੋਸਰੀ ਸਟੋਰਾਂ ਤਕ ਓਮੀਕਰੋਨ ਵੈਰੀਅਐਂਟ ਦਾ ਅਸਰ ਕੁਝ ਉਦਯੋਗਾਂ ਨੂੰ ਸੱਟ ਮਾਰ ਰਿਹਾ ਹੈ। ਕਿਊਬਕ ਵਿਚ ਸੈਂਕੜੇ ਪੁਲਿਸ ਅਧਿਕਾਰੀਆਂ ਤੇ ਪੈਰਾਮੈਡਿਕਸ ਨੂੰ ਲਾਗ ਕਾਰਨ ਡਿਊਟੀ ਤੋਂ ਲਾਂਭੇ ਕੀਤਾ ਗਿਆ ਹੈ। ਮਾਂਟਰੀਅਲ ਤੇ ਲਾਵਲ ਲਈ ਐਂਬੂਲੈਂਸ ਸੇਵਾ ਉਰਗੇਨਸਸ-ਸੈਂਟ ਦੇ ਬੁਲਾਰੇ ਬੇਨੋਇਟ ਗਾਰਨੇਉ ਨੇ ਦੱਸਿਆ ਕਿ ਉਸ ਨੇ ਕਦੇ ਵੀ ਇਕੋ ਸਮੇਂ ਇੰਨੇ ਪੈਰਾਮੈਡਿਕਸ ਡਿਊਟੀ ਤੋਂ ਗੈਰਹਾਜ਼ਰ ਨਹੀਂ ਦੇਖੇ, ਅਜਿਹਾ ਇਸ ਲਈ ਕਿਉਂਕਿ ਅਸੀਂ ਅਸਲ ਵਿਚ ਓਮੀਕਰੋਨ ਵਿਚ ਤੇਜ਼ੀ ਦੇਖ ਰਹੇ ਹਨ। 9-1-1 'ਤੇ ਜ਼ਰੂਰੀ ਕਾਲਾਂ ਅਜੇ ਵੀ ਪੈਰਾਮੈਡਿਕਸ ਦੇ ਤੁਰੰਤ ਮੌਕੇ 'ਤੇ ਪਹੁੰਚਣ ਦੀ ਆਸ ਕਰ ਸਕਦੀਆਂ ਹਨ ਜਦਕਿ ਘੱਟ ਜ਼ਰੂਰੀ ਮਾਮਲਿਆਂ ਵਿਚ ਸਬਰ ਰੱਖਣ ਲਈ ਕਿਹਾ ਜਾਂਦਾ ਹੈ। ਟੋਰਾਂਟੋ ਵਿਚ ਅਧਿਕਾਰੀ ਜ਼ਰੂਰੀ ਸੇਵਾਵਾਂ ਬਣਾਈ ਰੱਖਣ ਲਈ ਅਚਨਚੇਤੀ ਯੋਜਨਾ ਦਾ ਖਰੜਾ ਤਿਆਰ ਕਰ ਰਹੇ ਹਨ ਜਦਕਿ ਵਰਕਰਾਂ ਵਿਚ ਲਾਗ ਲਗਾਤਾਰ ਵਧਦੀ ਜਾ ਰਹੀ ਹੈ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਦੱਸਿਆ ਕਿ ਅਸੀਂ ਸਭ ਤੋਂ ਔਖੇ ਦ੍ਰਿਸ਼ਾਂ ਲਈ ਯੋਜਨਾ ਬਣਾ ਰਹੇ ਹਾਂ ਜਿਸ ਵਿਚ 50 ਤੋਂ 60 ਫ਼ੀਸਦੀ ਬਿਮਾਰੀ ਦੀ ਦਰ ਸ਼ਾਮਿਲ ਹੈ, ਇਸੇ ਕਾਰਨ ਅਸੀਂ ਸੰਭਾਵਤ ਦ੍ਰਿਸ਼ਾਂ ਲਈ ਯੋਜਨਾਵਾਂ ਬਣਾਈਆਂ ਹਨ। ਬ੍ਰਿਟਿਸ਼ ਕੋਲੰਬੀਆ ਵਿਚ (ਬਾਕੀ ਸਫ਼ਾ 8 'ਤੇ)

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#207-7928-128 St. (York Business Centre), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 10 ISSUE: 02 SATURDAY, 08 JANUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਪ੍ਰਧਾਨ ਮੰਤਰੀ ਮੋਦੀ ਦੀ ਫਿਰੋਜ਼ਪੁਰ ਰੈਲੀ ਰੱਦ ਹੋਣ 'ਤੇ ਵੱਡਾ ਬਵਾਲ

## ਕਿਸਾਨਾਂ ਦੇ ਧਰਨੇ ਕਾਰਣ ਪ੍ਰਧਾਨ ਮੰਤਰੀ ਦਾ ਕਾਫਲਾ ਵਾਪਸ ਪਰਤਿਆ

ਫ਼ਿਰੋਜ਼ਪੁਰ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣਾ ਫਿਰੋਜ਼ਪੁਰ ਦਾ ਆਪਣਾ ਦੌਰਾ ਰੱਦ ਕਰ ਦਿੱਤਾ ਗਿਆ, ਜਿੱਥੇ ਉਹ ਕਈ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਵਾਲੇ ਸਨ। ਪ੍ਰਧਾਨ ਮੰਤਰੀ ਨੇ ਰੈਲੀ ਨੂੰ ਸੰਬੋਧਨ ਕਰਨਾ ਸੀ। ਦੌਰਾ ਰੱਦ ਕਰਨ ਦਾ ਕਾਰਨ ਭਾਵੇਂ ਮੌਸਮ ਦੀ ਖਰਾਬੀ ਦੇ ਨਾਲ ਕਿਸਾਨਾਂ ਵੱਲੋਂ ਸੜਕ ਜਾਮ ਕਰਨ ਅਤੇ ਸੁਰੱਖਿਆ ਨੂੰ ਖਤਰਾ ਦਸਦਿਆਂ ਚੰਨੀ ਸਰਕਾਰ ਨੇ ਘੇਰਿਆ ਜਾ ਰਿਹਾ ਹੈ। ਸ੍ਰੀ ਮੋਦੀ ਹਵਾਈ ਜਹਾਜ਼ ਰਾਹੀਂ ਬਠਿੰਡਾ ਉਤਰੇ ਅਤੇ ਫਿਰ ਸੜਕ ਰਾਹੀਂ ਭਾਰਤ ਅਤੇ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਜ਼ਿਲ੍ਹੇ ਵੱਲ ਚੱਲੇ। ਬਠਿੰਡਾ ਵਿੱਚ ਉਨ੍ਹਾਂ ਦਾ ਸਵਾਗਤ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤਾ।



### ਫਲਾਪ ਰੈਲੀ ਕਾਰਣ ਮੋਦੀ ਵਾਪਿਸ ਪਰਤੇ-ਚੰਨੀ

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਫਿਰੋਜ਼ਪੁਰ ਵਿਖੇ ਭਾਜਪਾ ਦੀ ਰੈਲੀ ਵਿਚ ਲੋਕ ਨਹੀਂ ਪਹੁੰਚੇ, ਜਿਸ ਕਾਰਨ ਉਹ ਸੁਪਰ ਫਲਾਪ ਹੋਈ ਅਤੇ ਸੰਬੋਧਨ ਕਰਨ ਆ ਰਹੇ ਦੇਸ਼ ਦੇ ਪ੍ਰਧਾਨ ਮੰਤਰੀ ਇਸ ਕਾਰਨ ਮੁੜ ਗਏ। ਉਹ ਹੁਣ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਲੋਕਾਂ ਦਾ ਵਿਰੋਧ ਅਤੇ ਸੁਰੱਖਿਆ ਪ੍ਰਬੰਧ ਪੁਖਤਾ ਨਹੀਂ ਸਨ, ਜਿਸ ਕਾਰਨ ਉਨ੍ਹਾਂ ਨੂੰ ਰੈਲੀ ਰੱਦ ਕਰਨੀ ਪਈ। ਸ੍ਰੀ ਚੰਨੀ ਨੇ ਹਲਕਾ ਸਮਰਾਲਾ ਦੇ ਵਿਧਾਇਕ ਅਮਰੀਕ ਸਿੰਘ ਢਿੱਲੋਂ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਦੇ ਡਾਇਰੈਕਟਰ ਕਰਨਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ

**• ਚੰਨੀ ਸਰਕਾਰ ਸਵਾਲਾਂ ਦੇ ਘੇਰੇ ਵਿਚ-ਕੇਂਦਰ ਨੇ ਜਾਂਚ ਕਮੇਟੀ ਬਣਾਈ**
**• ਪ੍ਰਧਾਨ ਮੰਤਰੀ ਪੰਜਾਬੀਆਂ ਨੂੰ ਜਾਣ ਬੁਝਕੇ ਕਰ ਰਹੇ ਹਨ ਬਦਨਾਮ-ਚੰਨੀ**

ਮਾਛੀਵਾੜਾ ਅਨਾਜ ਮੰਡੀ 'ਚ ਕਾਂਗਰਸ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਉਸ ਨੂੰ ਪੰਜਾਬ ਵਿਚ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਸੀ ਜੋ ਬਿਲਕੁਲ ਬੇਬੁਨਿਆਦ ਗੱਲ ਹੈ, ਕਿਉਂਕਿ ਸੂਬੇ ਵਿਚ ਕੋਈ ਉਨ੍ਹਾਂ ਉੱਪਰ ਹਮਲਾ ਕਰੇਗਾ ਤਾਂ ਪਹਿਲੀ ਗੋਲੀ ਉਹ ਆਪਣੀ ਛਾਤੀ ਵਿਚ ਖਾਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਜਾਨ ਨੂੰ ਖ਼ਤਰਾ ਕਿਵੇਂ ਹੋ ਸਕਦਾ ਹੈ ਕਿਉਂਕਿ ਨਾ ਉਨ੍ਹਾਂ ਦੀ ਗੱਡੀ ਕੋਲ ਕੋਈ ਪ੍ਰਦਰਸ਼ਨਕਾਰੀ ਪੁੱਜ ਸਕਿਆ ਅਤੇ ਨਾ ਹੀ ਕਿਸੇ ਨੇ ਕੋਈ ਹਮਲਾ ਕੀਤਾ ਬਲਕਿ ਕਿਸਾਨ ਤਾਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਨ। ਮੁੱਖ ਮੰਤਰੀ *(ਬਾਕੀ ਸਫ਼ਾ 8 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਕੋਵਿਡ-19 ਕਾਰਨ ਸਰੀ ਦਾ ਨਗਰ ਕੀਰਤਨ ਮੁਲਤਵੀ

ਸਰੀ-ਵੈਸਟ ਨਿਊਟਨ ਲਈ 9 ਜਨਵਰੀ ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ (ਸਿੱਖ ਪਰੇਡ) ਕੋਵਿਡ-19 ਕਾਰਨ ਮੁਲਤਵੀ ਕਰ ਦਿੱਤਾ ਗਿਆ ਹੈ। ਗੁਰਦੁਆਰਾ ਅੰਮ੍ਰਿਤ ਪ੍ਰਕਾਸ਼ ਉਸ ਦਿਨ ਸਵੇਰੇ 8.30 ਵਜੇ ਤੋਂ ਸ਼ਾਮ 3.30 ਵਜੇ ਤਕ ਸ਼ਹੀਦੀ ਸਾਕਾ ਨਗਰ ਕੀਰਤਨ ਦੀ ਯੋਜਨਾ ਬਣਾ ਰਿਹਾ ਸੀ। ਸਿਟੀ ਸਰੀ ਨੇ ਕਈ ਹਫ਼ਤੇ ਪਹਿਲਾਂ ਇਲਾਕਾ ਨਿਵਾਸੀਆਂ ਤੇ ਕਾਰੋਬਾਰਾਂ ਨੂੰ ਈਮੇਲ ਭੇਜ ਕੇ ਸਲਾਹ ਦਿੱਤੀ ਸੀ ਕਿ ਸੜਕਾਂ ਬੰਦ ਰਹਿਣਗੀਆਂ, ਰੂਟ 'ਤੇ ਆਵਾਜਾਈ ਵਿਚ ਵਿਘਨ ਤੇ ਨੋ-ਪਾਰਕਿੰਗ ਪਾਬੰਦੀਆਂ ਲਾਗੂ ਹੋਣਗੀਆਂ। ਗੁਰਦੁਆਰੇ ਨੇ 28 ਦਸੰਬਰ ਨੂੰ ਨੋਟਿਸ ਜਾਰੀ ਕਰਕੇ ਦੱਸਿਆ ਕਿ ਕੋਵਿਡ-19 ਪਾਬੰਦੀਆਂ ਕਾਰਨ ਸ਼ਹੀਦੀ ਸਾਕਾ ਨਗਰ ਕੀਰਤਨ 9 ਜਨਵਰੀ ਤੋਂ 20 ਜਨਵਰੀ ਤਕ ਅੱਗੇ ਪਾ ਦਿੱਤਾ ਗਿਆ ਹੈ। ਪਾਬੰਦੀਆਂ ਵਿਚ ਅਗਲੀਆਂ ਤਬਦੀਲੀਆਂ ਤਕ ਇਹ ਨਗਰ ਕੀਰਤਨ ਮੁਲਤਵੀ ਰਹੇਗਾ। ਜਦੋਂ ਅਗਲੀ ਤਾਰੀਕ ਮੁਕੱਰਰ ਕੀਤੀ ਜਾਵੇਗੀ ਉਸ ਬਾਰੇ ਤੁਹਾਨੂੰ ਅਸੀਂ ਜਾਣਕਾਰੀ ਦੇਵਾਂਗੇ।

# ਬੀ.ਸੀ. ਵਿਚ ਮਕਾਨ ਮਾਲਕ ਲਈ ਗਰਾਂਟ ਥਰੈਸ਼ਹੋਲਡ ਵਧਾ ਕੇ 1.9 ਮਿਲੀਅਨ ਡਾਲਰ ਕੀਤੀ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਵਿਚ ਮਕਾਨ ਮਾਲਕਾਂ ਜਿਨ੍ਹਾਂ ਦੀ ਪ੍ਰਾਪਰਟੀ ਦੀ ਕੀਮਤ 2 ਮਿਲੀਅਨ ਡਾਲਰ ਤੋਂ ਘੱਟ ਹੈ ਅਜੇ ਵੀ ਸਾਲਾਨਾ ਹੋਮਓਨਰ ਗਰਾਂਟ ਲਈ ਯੋਗ ਹੋਣਗੇ। ਸੂਬਾ ਸਰਕਾਰ ਨੇ ਬੁੱਧਵਾਰ ਐਲਾਨ ਕੀਤਾ ਕਿ ਉਸ ਨੇ ਇਸ ਸਾਲ ਲਈ ਗਰਾਂਟ ਥਰੈਸ਼ਹੋਲਡ ਵਧਾ ਕੇ 1.975 ਮਿਲੀਅਨ ਡਾਲਰ ਕਰ ਦਿੱਤੀ ਹੈ। ਸਰਕਾਰ ਨੇ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਨਵੀਂ ਹੱਦ 92 ਫ਼ੀਸਦੀ ਰਿਹਾਇਸ਼ੀ ਪ੍ਰਾਪਰਟੀਜ਼ ਨੂੰ ਕਵਰ ਕਰਨਾ ਯਕੀਨੀ ਬਣਾਵੇਗੀ ਜਿਸ ਨਾਲ ਲੋਕਾਂ ਲਈ ਆਪਣੀ ਮੁੱਖ ਰਿਹਾਇਸ਼ ਤੇ ਟੈਕਸ ਅਦਾ ਕਰਨ ਦੀ ਰਕਮ ਘਟ ਜਾਵੇਗੀ। ਮੈਟਰੋ ਵੈਨਕੂਵਰ, ਫਰੇਜ਼ਰ ਵੈਲੀ ਤੇ ਕੈਪੀਟਲ ਰੀਜਨਲ ਡਿਸਟ੍ਰਿਕਟ ਵਿਚ ਆਪਣੇ ਘਰਾਂ ਵਿਚ ਰਹਿਣ ਵਾਲੇ ਲੋਕ 570 ਡਾਲਰ ਦੀ ਮੁੱਢਲੀ ਗਰਾਂਟ ਦੇ ਯੋਗ ਹੋਣਗੇ ਜਾਂ 845 ਡਾਲਰ ਦੀ ਗਰਾਂਟ ਉਨ੍ਹਾਂ ਵਿਅਕਤੀਆਂ ਨੂੰ ਮਿਲੇਗੀ ਜਿਹੜੇ ਅਪਾਹਜ ਹੋਣਗੇ ਜਾਂ ਜਿਨ੍ਹਾਂ ਦੀ ਉਮਰ 65 ਸਾਲ ਅਤੇ ਜ਼ਿਆਦਾ ਹੈ। ਨੌਰਦਰਨ ਤੇ ਪੇਂਡੂ ਇਲਾਕਿਆਂ ਵਿਚ ਮੁੱਢਲੀ ਗਰਾਂਟ 770 ਡਾਲਰ ਹੈ ਜਾਂ ਜਿਹੜੇ ਅਪਾਹਜ ਜਾਂ 65 ਸਾਲ ਤੋਂ ਵੱਧ ਉਮਰ ਦੇ ਹਨ ਉਨ੍ਹਾਂ ਲਈ 1045 ਡਾਲਰ ਹੈ। ਬੀਸੀ ਅਸੈਸਮੈਂਟ ਅਥਾਰਟੀ ਨੇ ਇਸ ਹਫ਼ਤੇ ਪ੍ਰਾਪਰਟੀ ਦੇ ਮੁਲਾਂਕਣ ਜਾਰੀ ਕੀਤੇ ਹਨ ਜਿਸ ਤੋਂ ਸੂਬੇ ਦੇ ਲਗਪਗ ਹਰੇਕ ਹਿੱਸੇ ਵਿਚ ਕੀਮਤਾਂ ਵਿਚ ਵਾਧੇ ਦਾ ਪਤਾ ਲਗਦਾ ਹੈ।



# ਕਿਸਾਨ ਮੋਰਚੇ ਦੀ ਜਿੱਤ ਤੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਮਾਗਮ

ਸਰੀ, (ਹਰਦਮ ਮਾਨ)-ਵਰਕਰ ਕਿਸਾਨ ਮੋਰਚਾ ਚੌਕ 72-120, ਵਰਕਰ ਕਿਸਾਨ ਮੋਰਚਾ ਚੌਕ 88-ਕਿੰਗ ਜੌਰਜ ਅਤੇ ਸਤਿਕਾਰ ਕਮੇਟੀ ਵੱਲੋਂ ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਅਤੇ ਦਿੱਲੀ ਬਾਰਡਰ ਤੇ ਬੈਠੇ ਕਿਸਾਨਾਂ ਦੀ ਜਿੱਤ ਦੀ ਖੁਸ਼ੀ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ, ਸਰੀ-ਡੈਲਟਾ ਵਿਚ ਸਮਾਗਮ ਕਰਵਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਦੇ ਸੇਵਾਦਾਰ ਕੁਲਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਅਤੇ ਗਤਕਾ ਟੀਮ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ। ਸਮਾਗਮ ਵਿਚ ਵਰਕਰ ਕਿਸਾਨ ਮੋਰਚਾ ਚੌਕ 72-120 ਦੀ ਸੰਗਤ ਚੋਂ ਮਨਿੰਦਰ ਸਿੰਘ ਸੋਖੀ, ਪ੍ਰਭਲੀਨ ਸਿੰਘ, ਜੋਬਨ, ਮਨਦੀਪ ਕੌਰ ਤੇ ਪ੍ਰਕਾਸ਼ ਕੌਰ, ਵਰਕਰ ਕਿਸਾਨ ਮੋਰਚਾ ਚੌਕ 88-ਕਿੰਗ ਜੌਰਜ ਦੀ ਸੰਗਤ ਚੋਂ ਅਮਰਜੀਤ ਸਿੰਘ, ਤੇਜਿੰਦਰ ਸਿੰਘ, ਅਵਤਾਰ ਸਿੰਘ ਸ਼ੇਰਗਿੱਲ ਤੇ ਮਨਜੀਤ ਸਿੰਘ ਅਤੇ ਸਤਿਕਾਰ ਕਮੇਟੀ ਐਬਟਸਫੋਰਡ ਵੱਲੋਂ ਕੁਲਦੀਪ ਸਿੰਘ ਸੇਖੋਂ, ਕਮਲਪ੍ਰੀਤ ਸਿੰਘ, ਹਰਕਮਲ ਸਿੰਘ, ਗੁਰਪ੍ਰੀਤ ਸਿੰਘ, ਰਮਨੀਕ ਸਿੰਘ, ਗੁਰਫਤਿਹ ਸਿੰਘ, ਜੋਧਵੀਰ ਸਿੰਘ, ਜਗਮੋਹਣ ਸਿੰਘ, ਮਨਿੰਦਰ ਕੌਰ, ਪ੍ਰਭਸ਼ਰਨ ਕੌਰ, ਕਮਲਜੀਤ ਕੌਰ, ਪਰਮਿੰਦਰ ਕੌਰ ਅਤੇ ਹੋਰ ਬਹੁਤ ਸਾਰੇ ਸੇਵਾਦਾਰਾਂ, ਵਰਕਰਾਂ ਨੇ ਹਿੱਸਾ ਲਿਆ।

# 19 ਸਾਲਾ ਬਲਰਾਜ ਨਿੱਝਰ 'ਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ ਆਇਦ

ਸਰੀ-19 ਸਾਲਾ ਬਲਰਾਜ ਨਿੱਝਰ ਜੁਲਾਈ 2021 ਵਿਚ ਗੁੰਡਰਸਨ ਪਾਰਕ ਵਿਖੇ ਵਾਪਰੀ ਘਟਨਾ ਦੇ ਸਬੰਧ ਵਿਚ ਗੰਭੀਰ ਹਮਲੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ 'ਤੇ ਪਿਛਲੀਆਂ ਗਰਮੀਆਂ ਵਿਚ ਨੌਰਥ ਡੈਲਟਾ ਵਿਚ ਚਾਕੂ ਮਾਰਨ ਦੇ ਦੋਸ਼ ਲਗਾਏ ਗਏ ਹਨ। 11 ਜੁਲਾਈ 2021 ਨੂੰ ਐਤਵਾਰ ਤੜਕੇ 4 ਵਜੇ ਗੁੰਡਰਸਨ ਪਾਰਕ ਵਿਚ ਘਟਨਾ ਪਿੱਛੋਂ ਪੁਲਿਸ ਨੂੰ ਬੁਲਾਇਆ ਗਿਆ ਸੀ। ਅਧਿਕਾਰੀਆਂ ਨੇ ਦੋ ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ




ਪਾਇਆ ਪਰ ਜ਼ਖਮਾਂ ਨਾਲ ਉਨ੍ਹਾਂ ਦੀ ਜਿੰਦਗੀ ਨੂੰ ਖ਼ਤਰਾ ਨਹੀਂ ਸੀ। ਇਹ ਘਟਨਾ ਵਿਅਕਤੀਆਂ ਵਿਚਕਾਰ ਝਗੜੇ ਨਾਲ ਸਬੰਧਤ ਸੀ ਜਿਹੜੇ ਇਕ ਦੂਸਰੇ ਨੂੰ ਜਾਣਦੇ ਸਨ ਅਤੇ ਇਹ ਕੋਈ ਚਾਣਚੱਕ ਘਟਨਾ ਨਹੀਂ ਸੀ। ਇਸ ਦਾ ਲੋਅਰ ਮੇਨਲੈਂਡ ਗੈਂਗ ਵਾਰ ਨਾਲ ਕੋਈ ਸਬੰਧ ਨਹੀਂ ਜਿਸ ਕਾਰਨ ਆਮ ਜਨਤਾ ਨੂੰ ਕੋਈ ਖ਼ਤਰਾ ਨਹੀਂ। ਡੈਲਟਾ ਪੁਲਿਸ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਕਰਾਊਨ ਕੌਂਸਲ ਨੇ 17 ਦਸੰਬਰ 2021 ਨੂੰ 19 ਸਾਲਾ ਬਲਰਾਜ ਨਿੱਝਰ ਖਿਲਾਫ ਗੰਭੀਰ ਹਮਲੇ ਦੇ ਦੋ ਦੋਸ਼ਾਂ ਨੂੰ ਪ੍ਰਵਾਨਗੀ ਦਿੱਤੀ ਹੈ। ਨਿੱਝਰ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਉਸ ਦੀ ਪਹਿਲੀ ਪੇਸ਼ੀ 20 ਦਸੰਬਰ ਨੂੰ ਹੋਈ ਸੀ। ਉਹ ਉਸ ਸਮੇਂ ਤੋਂ ਸ਼ਰਤਾਂ ਤਹਿਤ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਦੀ ਅਦਾਲਤ ਵਿਚ ਅਗਲੀ ਪੇਸ਼ੀ 14 ਜਨਵਰੀ 2022 ਨੂੰ ਹੈ।

# ਗੈਸ ਦੀਆਂ ਕੀਮਤਾਂ ਰਿਕਾਰਡ ਉੱਚਾਈ 'ਤੇ ਪਹੁੰਚਣ ਦੀ ਆਸ


ਵੈਨਕੂਵਰ-ਇਕ ਪ੍ਰਮੁੱਖ ਵਿਸ਼ਲੇਸ਼ਕ ਨੇ ਪੇਸ਼ੀਨਗੋਈ ਕੀਤੀ ਹੈ ਕਿ ਮੈਟਰੋ ਵੈਨਕੂਵਰ ਵਿਚ ਗੈਸੋਲੀਨ ਦੀ ਔਸਤ ਕੀਮਤ ਵੀਰਵਾਰ ਤਕ ਪ੍ਰਤੀ ਲਿਟਰ 171.9 ਸੈਂਟ ਤਕ ਪਹੁੰਚਣ ਦੀ ਆਸ ਹੈ ਜਿਹੜੀ ਰਿਕਾਰਡ ਉੱਚੀ ਕੀਮਤ ਤੋਂ 2 ਸੈਂਟ ਤੋਂ ਘੱਟ ਹੋਵੇਗੀ। ਇਹ ਪਿਛਲੇ ਸਮੇਂ 128.9 ਸੈਂਟ ਪ੍ਰਤੀ ਲਿਟਰ ਨਾਲੋਂ ਕਾਫੀ ਜ਼ਿਆਦਾ ਵੱਧ ਹੋਵੇਗੀ। ਪਰ ਇਸ ਹਫ਼ਤੇ ਵਿਚ ਵਾਧਾ ਆਉਣ ਵਾਲੇ ਮਹੀਨਿਆਂ ਵਿਚ ਗੈਸ ਦੀਆਂ ਕੀਮਤਾਂ ਵਿਚ ਵੱਡੇ ਉਛਾਲ ਦੀ ਕੀਤੀ ਜਾਣ ਵਾਲੀ ਆਸ ਦਾ ਛੋਟਾ ਜਿਹਾ ਹਿੱਸਾ ਹੋਵੇਗੀ। ਕੈਨੇਡੀਅਨ ਫਾਰ ਅਫੋਰਡਏਬਲ ਐਨਰਜੀ ਦੇ ਪ੍ਰਧਾਨ ਡੈਨ ਮੈਕਟੀਗ ਮੁਤਾਬਿਕ ਤੇਲ ਦੀ ਮੰਗ ਵਧ ਗਈ ਹੈ ਅਤੇ ਉਤਪਾਦਨ ਘੱਟ ਹੈ, ਖ਼ਾਸਕਰ ਅਮਰੀਕਾ ਇਕ ਬੈਰਲ ਦੀ ਕੀਮਤ ਵਧਾ ਰਿਹਾ ਹੈ। ਬਾਕੀ ਦੁਨੀਆਂ ਪਿੱਛੇ ਹੈ ਅਤੇ ਮੈਕਸੀਕੋ ਵਰਗੀਆਂ ਥਾਵਾਂ 'ਤੇ ਤੇਲ ਉਤਪਾਦਨ ਵਿਚ ਸਮੱਸਿਆ ਹੈ। ਵੈਨਜ਼ੂਏਲਾ ਨੂੰ ਇਸ ਦੇ ਉਤਪਾਦਨ ਵਿਚ ਗੰਭੀਰ ਸਮੱਸਿਆ ਹੈ। ਇਸੇ ਕਾਰਨ ਮਾਰਚ ਜਾਂ ਅਪ੍ਰੈਲ ਵਿਚ ਮੈਟਰੋ ਵੈਨਕੂਵਰ ਵਿਚ ਪ੍ਰਤੀ ਲਿਟਰ ਤੇਲ ਦੀ ਕੀਮਤ 185 ਸੈਂਟ 'ਤੇ ਪਹੁੰਚ ਜਾਵੇਗੀ। ਬਾਲਣ ਦੀਆਂ ਉੱਚੀਆਂ ਕੀਮਤਾਂ ਦਾ ਸਫਰ ਅਤੇ ਰੋਜ਼ ਵਰਤੀਆਂ ਜਾਣ ਵਾਲੀ ਚੀਜ਼ਾਂ ਦੀ ਲਾਗਤ 'ਤੇ ਅਸਰ ਪੈਂਦਾ ਹੈ। ਜੁਲਾਈ 2021 ਵਿਚ ਮੈਟਰੋ ਵੈਨਕੂਵਰ ਵਿਚ ਬਾਲਣ ਦੀ ਕੀਮਤ ਰਿਕਾਰਡ 173.9 ਸੈਂਟ 'ਤੇ ਪਹੁੰਚ ਗਈ ਸੀ।

# ਘਰ ਨੂੰ ਲੱਗੀ ਅੱਗ ਵਿਚ 8 ਬੱਚਿਆਂ ਸਮੇਤ 12 ਵਿਅਕਤੀਆਂ ਦੀ ਮੌਤ

ਫਿਲਾਡੇਲਫੀਆ-ਫਿਲਾਡੇਲਫੀਆ ਵਿਚ ਇਕ ਘਰ ਨੂੰ ਲੱਗੀ ਅੱਗ ਵਿਚ ਦੋ ਭੈਣਾਂ ਤੇ ਕਈ ਬੱਚਿਆਂ ਸਮੇਤ 12 ਵਿਅਕਤੀਆਂ ਦੀ ਮੌਤ ਹੋ ਗਈ। ਬੁੱਧਵਾਰ ਸਵੇਰੇ ਲੱਗੀ ਅੱਗ ਵਿਚ 8 ਬੱਚਿਆਂ ਦੀ ਮੌਤ ਹੋ ਗਈ, ਇਹ ਇਕ ਸ਼ਤਾਬਦੀ ਤੋਂ ਵੀ ਵੱਧ ਸਮੇਂ ਵਿਚ ਸ਼ਹਿਰ ਦੀ ਇਕੱਲੀ ਸਭ ਤੋਂ ਮਾਰੂ ਅੱਗ ਸੀ। ਘੱਟੋ ਘੱਟ 2 ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਅਤੇ ਕਈ ਹੋਰ ਤਿੰਨ ਮੰਜ਼ਿਲਾ ਇੱਟਾਂ ਦੇ ਡੁਪਲੇਕਸ ਤੋਂ ਬਚ ਕੇ ਨਿਕਲਣ ਵਿਚ ਸਫਲ ਰਹੇ ਜਿਹੜੀ ਸਰਕਾਰੀ ਇਮਾਰਤ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ। ਅਧਿਕਾਰੀਆਂ ਨੇ ਦੱਸਿਆ ਕਿ ਦੋ ਅਪਾਰਟਮੈਂਟਾਂ ਵਿਚ 26 ਵਿਅਕਤੀ ਰਹਿ ਰਹੇ ਸਨ। ਅਧਿਕਾਰੀਆਂ ਨੇ ਅੱਗ ਵਿਚ ਮਰੇ ਵਿਅਕਤੀ ਦੇ ਨਾਵਾਂ ਜਾਂ ਉਮਰ ਬਾਰੇ ਜਾਣਕਾਰੀ ਨਹੀਂ ਦਿੱਤੀ। ਅੱਗ ਬੁਝਾਊ ਅਮਲੇ ਨੇ ਪਹਿਲਾਂ ਪਹਿਲ 13 ਵਿਅਕਤੀਆਂ ਦੇ ਮਰਨ ਦੀ ਜਾਣਕਾਰੀ ਦਿੱਤੀ ਸੀ ਜਿਨ੍ਹਾਂ ਵਿਚ 7 ਬੱਚੇ ਸਨ ਪਰ ਉਨ੍ਹਾਂ ਅੰਕੜਿਆਂ ਬਾਰੇ ਬੁੱਧਵਾਰ ਤਾਜ਼ਾ ਜਾਣਕਾਰੀ ਦਿੱਤੀ। ਇਸ ਅੱਗ ਵਿਚ 8 ਬੱਚੇ ਤੇ 4 ਬਾਲਗ ਮਾਰੇ ਗਏ ਹਨ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has "NO STRESS MORTGAGE"
RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca





JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available



# ਗਰੇਟਰ ਟੋਰਾਂਟੋ 'ਚ ਅੰਤਰਰਾਸ਼ਟਰੀ ਵਿਦਿਆਰਥਣਾਂ ਦਾ ਦੇਹ ਵਪਾਰ ਧੰਦਾ ਚਿੰਤਾਜਨਕ

ਟੋਰਾਂਟੋ–ਜੀਟੀਏ ਵਿਚ ਭਾਰਤੀ ਅੰਤਰਰਾਸ਼ਟਰੀ ਵਿਦਿਆਰਥਣਾਂ ਦਲਾਲਾਂ ਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲਿਆਂ ਦੀਆਂ ਸ਼ਿਕਾਰ ਬਣ ਰਹੀਆਂ ਹਨ। 18 ਸਾਲਾ ਲੜਕੀ ਨੂੰ ਦੇਹ ਵਪਾਰ ਦੇ ਧੰਦੇ ਵਿਚ ਧੱਕਣ ਲਈ ਅਗਸਤ ਮਹੀਨੇ ਵਿਚ ਬਰੈਂਪਟਨ ਤੋਂ ਗ੍ਰਿਫ਼ਤਾਰ ਕੀਤੇ ਤਿੰਨ ਇੰਡੋ–ਕੈਨੇਡੀਅਨ ਨੌਜਵਾਨ ਜੀਟੀਏ ਵਿਚ ਭਾਰਤੀ ਵਿਦਿਆਰਥਣਾਂ ਦੇ ਤੇਜ਼ੀ ਨਾਲ ਦੇਹ ਵਪਾਰ ਦੇ ਵਧ ਰਹੇ ਧੰਦੇ ਦੀ ਇਕ ਉਦਾਹਰਣ ਹੈ। ਇਸ ਖ਼ਾਸ ਮਾਮਲੇ ਵਿਚ ਭਾਰਤੀ ਮੂਲ ਦੀ ਇਹ ਲੜਕੀ ਤਿੰਨਾਂ ਵਿਅਕਤੀਆਂ ਨੇ ਆਪਣੇ ਕਬਜ਼ੇ ਵਿਚ ਰੱਖੀ ਹੋਈ ਸੀ ਅਤੇ ਉਸ ਨੂੰ ਦੇਹ ਵਪਾਰ ਦੇ ਧੰਦੇ ਵਿਚ ਫਸਾਇਆ ਜਾ ਰਿਹਾ ਸੀ। ਇਨ੍ਹਾਂ ਵਿਅਕਤੀਆਂ ਦੀਆਂ ਹੋਰ ਵਿਦਿਆਰਥਣਾਂ ਵੀ ਸ਼ਿਕਾਰ ਹੋ ਸਕਦੀਆਂ ਹਨ ਕਿਉਂਕਿ ਉਹ ਸੈਕਸੂਅਲ ਸੇਵਾਵਾਂ ਦੀ ਆਨਲਾਈਨ ਇਸ਼ਤਿਹਾਰਬਾਜ਼ੀ ਕਰ ਰਹੇ ਹਨ। ਮਾਨਵੀ ਤਸਕਰੀ ਖਿਲਾਫ ਅੱਗੇ ਹੋ ਕੇ ਲੜ ਰਹੇ ਇੰਡੋ–ਕੈਨੇਡੀਅਨ ਸਮਾਜਿਕ ਕਾਰਕੁਨ ਇਹ ਗੱਲ ਸਵੀਕਾਰ ਕਰਦੇ ਹਨ ਕਿ ਭਾਰਤ ਤੋਂ ਆਈਆਂ ਵਿਦਿਆਰਥਣਾਂ ਦਾ ਜਿਣਸੀ ਸ਼ੋਸ਼ਣ ਬਰੈਂਪਟਨ ਤੋਂ ਜੀਟੀਏ ਅਤੇ ਇਸ ਤੋਂ ਵੀ ਪਰ੍ਹੇ ਤਕ ਫੈਲਿਆ ਹੋਇਆ ਹੈ। ਇਹ ਵੀ ਰਿਪੋਰਟਾਂ ਮਿਲੀਆਂ ਹਨ ਕਿ ਬਹੁਤ ਸਾਰੀਆਂ ਵਿਦਿਆਰਥਣਾਂ ਗਰਭਪਾਤ ਕਰਵਾਉਂਦੀਆਂ ਹਨ। ਗਰੇਟਰ ਟੋਰਾਂਟੋ ਏਰੀਆ (ਜੀਟੀਏ) ਵਿਚ ਦਲਾਲ (ਸੈਕਸ ਤਸਕਰ) ਅੰਤਰਰਾਸ਼ਟਰੀ ਵਿਦਿਆਰਥਣਾਂ ਨੂੰ ਸਿੱਖਿਆ ਸੰਸਥਾਵਾਂ, ਸੜਕਾਂ ਦੇ ਕੋਨਿਆਂ, ਬੱਸ ਅੱਡਿਆਂ, ਕੰਮ ਵਾਲੀਆਂ ਥਾਵਾਂ ਅਤੇ ਇਥੋਂ ਤੱਕ ਕਿ ਸਾਂਝੀਆਂ ਕਮਿਊਨਿਟੀ ਥਾਵਾਂ 'ਤੇ ਫਸਾ ਲੈਂਦੇ ਹਨ। ਇਹ ਗੱਲ ਵੀ ਸੱਚ ਹੈ ਕਿ ਕੁਝ ਵਿਦਿਆਰਥਣਾਂ ਦੇਹ ਵਪਾਰ ਦੇ ਧੰਦੇ ਵਿਚ ਆਪਣੇ ਖਰਚੇ ਪੂਰੇ ਕਰਨ ਲਈ ਸਵੈ ਇੱਛਾ ਨਾਲ ਦਾਖਲ ਹੁੰਦੀਆਂ ਹਨ। ਮਿਸ ਸੁੰਦਰ ਸਿੰਘ ਜਿਸ ਦਾ ਟੋਰਾਂਟੋ ਆਧਾਰਤ ਸੰਗਠਨ ਐਲਸਪੇਥ, ਹੇਅਵਰਥ ਸੈਂਟਰ ਫਾਰ ਵੋਮੈਨ ਵਿਦਿਆਰਥਣਾਂ ਦਾ ਸੋਸ਼ਣ ਰੋਕਣ ਅਤੇ ਜ਼ਿਆਦਾ ਤਨਖਾਹ ਵਾਲੀਆਂ ਨੌਕਰੀਆਂ ਦੇ ਹੁਨਰਾਂ ਲਈ ਸਿੱਖਿਅਤ ਕਰਨ ਵਿਚ ਮਦਦ ਕਰ ਰਿਹਾ ਹੈ ਦਾ ਕਹਿਣਾ ਕਿ ਇਕ ਅਨੁਮਾਨ ਮੁਤਾਬਿਕ ਇਕ ਦਲਾਲ ਇਕ ਲੜਕੀ ਤੋਂ ਸਾਲ ਵਿਚ 200,000 ਡਾਲਰ ਦੀ ਕਮਾਈ ਕਰ ਸਕਦਾ ਹੈ। ਮਿਸ ਸੁੰਦਰ ਸਿੰਘ ਮੁਤਾਬਿਕ ਸਾਡੇ ਪਰਿਵਾਰ ਦੀ ਜਾਣ ਪਛਾਣ ਵਾਲੀ ਇਕ ਨਰਸ ਨੇ ਦੱਸਿਆ ਕਿ ਉਹ ਹਰੇਕ ਮਹੀਨੇ 10–12 ਵਿਦਿਆਰਥਣਾਂ ਦਾ ਗਰਭਪਾਤ ਕਰਦੀ ਹੈ। ਉਸ ਨੇ ਦੱਸਿਆ ਕਿ ਉਸ ਨੇ ਇਸ ਤਰ੍ਹਾਂ ਦੀ ਗੱਲ ਪਹਿਲਾਂ ਕਦੇ ਨਹੀਂ ਦੇਖੀ। ਇਹ ਗੱਲ ਦੱਸਣਯੋਗ ਹੈ ਕਿ ਕੈਨੇਡਾ ਵਿਚ ਆ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 90 ਫ਼ੀਸਦੀ ਲੜਕੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਵਿਚੋਂ ਬਹੁਤੀਆਂ ਭਾਰਤੀ ਪਿੰਡਾਂ ਤੋਂ ਆਉਂਦੀਆਂ ਹਨ। ਉਨ੍ਹਾਂ ਦਾ ਕਦੇ ਵੀ ਵੱਡੇ ਸ਼ਹਿਰਾਂ ਤੇ ਪੱਛਮੀ ਸਭਿਆਚਾਰ ਨਾਲ ਨਾਤਾ ਨਹੀਂ ਰਿਹਾ ਹੁੰਦਾ। ਉਹ ਪੱਛਮੀ ਦੇਸ਼ਾਂ ਲਈ ਨਵੀਆਂ ਹੁੰਦੀਆਂ ਹਨ ਅਤੇ ਦਲਾਲ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਹੁਣ ਤਾਂ ਦਲਾਲ ਲੜਕੀ ਨੂੰ ਬਲੈਕਮੇਲ ਕਰਨ ਲਈ ਉਸ ਦੇ ਪਰਿਵਾਰ ਦੀ ਸਾਰੀ ਜਾਣਕਾਰੀ ਹਾਸਲ ਕਰ ਲੈਂਦੇ ਹਨ ਜਿਸ ਕਾਰਨ ਉਸ ਕੋਲ ਆਤਮਸਮਰਪਣ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ ਰਹਿੰਦਾ। ਮਿਸ ਸਿੰਘ ਦੱਸਦੀ ਹੈ ਕਿ ਜਿਹੜੀਆਂ ਲੜਕੀਆਂ ਸਵੈਇੱਛਾ ਨਾਲ ਦੇਹ ਵਪਾਰ ਦੇ ਧੰਦੇ ਵਿਚ ਆਉਂਦੀਆਂ ਹਨ ਉਨ੍ਹਾਂ ਵਿਚੋਂ ਕਈ ਵਿੱਤੀ ਮੁਸ਼ਕਿਲਾਂ ਕਾਰਨ ਇਹ ਰਾਹ ਚੁਣਨ ਲਈ ਮਜ਼ਬੂਰ ਹੁੰਦੀਆਂ ਹਨ। ਅਣਜਾਣੇ ਵਿਚ ਮਾਪੇ ਇਨ੍ਹਾਂ ਲੜਕੀਆਂ ਨੂੰ ਇਸ ਭਿਆਨਕ ਸਥਿਤੀ ਵਿਚ ਧੱਕ ਰਹੇ ਹਨ। ਇਹ ਮਾਪੇ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਉਨ੍ਹਾਂ ਦੀ ਧੀ ਕੈਨੇਡਾ ਪਹੁੰਚ ਜਾਵੇ ਤਾਂ ਜੋ ਉਹ ਇਕ ਦਿਨ ਸਾਰੇ ਪਰਿਵਾਰ ਨੂੰ ਕੈਨੇਡਾ ਆਉਣ ਲਈ ਸਪਾਂਸਰ ਕਰ ਦੇਵੇ। ਉਹ ਪਹਿਲੇ ਖਰਚੇ ਜਿਸ ਵਿਚ ਫੀਸ ਤੇ ਸਫਰ ਦਾ ਖਰਚਾ ਹੁੰਦਾ ਹੈ ਅਦਾ ਕਰ ਦਿੰਦੇ ਹਨ ਅਤੇ ਬਾਕੀ ਖਰਚੇ ਲੜਕੀ 'ਤੇ ਛੱਡ ਦਿੰਦੇ ਹਨ। ਮਿਸ ਸੁੰਦਰ ਸਿੰਘ ਪੁੱਛਦੀ ਹੈ ਕਿ ਤੁਸੀਂ ਦੱਸੋ ਕਿ ਇਹ ਲੜਕੀਆਂ ਕਿਵੇਂ ਆਪਣੇ ਆਪ ਦੀ ਮਦਦ ਕਰ ਸਕਦੀਆਂ ਹਨ? ਉਹ ਬਿਲਕੁਲ ਨਹੀਂ ਕਰ ਸਕਦੀਆਂ। ਕਈ ਪੈਸਿਆਂ ਦੀ ਖਾਤਰ ਜਿਣਸੀ ਧੰਦੇ ਦਾ ਰਾਹ ਚੁਣਦੀਆਂ ਹਨ। ਮਿਸ ਸੁੰਦਰ ਸਿੰਘ ਮੁਤਾਬਿਕ ਪਹਿਲਾਂ ਇਕ ਲੜਕੀ ਇਸ ਧੰਦੇ ਵਿਚ ਦਾਖਲ ਹੁੰਦੀ ਹੈ, ਉਸ ਪਿੱਛੋਂ ਉਸ ਦੀਆਂ ਸਹੇਲੀਆਂ ਵੀ ਉਸੇ ਰਾਹ 'ਤੇ ਤੁਰ ਪੈਂਦੀਆਂ ਹਨ। ਮਿਸ ਸਿੰਘ ਮੁਤਾਬਿਕ ਜਦੋਂ ਅੰਤਰਰਾਸ਼ਟਰੀ ਵਿਦਿਆਰਥਣਾਂ ਦਾ ਨਵਾਂ ਬੈਚ ਆ ਕੇ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੈ ਤਾਂ ਪੁਰਾਣੀਆਂ ਵਿਦਿਆਰਥਣਾਂ ਉਨ੍ਹਾਂ ਨੂੰ ਪੈਸੇ ਬਣਾਉਣ ਲਈ ਦੇਹ ਵਪਾਰ ਦਾ ਰਾਹ ਦੱਸਦੀਆਂ ਹਨ। ਮਿਸ ਸੁੰਦਰ ਸਿੰਘ ਮੁਤਾਬਿਕ ਬਹੁਤੀਆਂ ਵਿਦਿਆਰਥਣਾਂ ਦਾ ਜਿਣਸੀ ਸੋਸ਼ਣ ਮਕਾਨ ਮਾਲਕਾਂ ਵਲੋਂ ਹੀ ਸ਼ੁਰੂ ਕੀਤਾ ਜਾਂਦਾ ਹੈ। ਬਹੁਤ ਸਾਰੀਆਂ ਮਕਾਨ ਮਾਲਕਾਂ ਨਾਲ ਸਮਝੌਤਾ ਕਰ ਲੈਂਦੀਆਂ ਹਨ ਤਾਂ ਜੋ ਕਿਰਾਇਆ ਨਾ ਦੇਣਾ ਪਵੇ।



## ਆਪਣੇ ਮਸੂਮ ਪੁੱਤਰ ਨੂੰ ਮਾਰਨ ਦੋਸ਼ ਕਬੂਲੇ

ਐਡਮਿੰਟਨ–ਕ੍ਰਿਸਟੋਫਰ ਲਾਮਾਰਚੇ ਦਾ ਪੁੱਤਰ ਉਸ ਦੀ ਬੇਸੀਨੇਟ ਵਿਚ ਮ੍ਰਿਤਕ ਪਾਇਆ ਗਿਆ ਸੀ ਅਤੇ ਉਸ ਦੀ ਕਾਲਰਬੋਨ ਟੁੱਟੀ ਹੋਈ ਸੀ ਅਤੇ ਦਿਮਾਗ ਨੂੰ ਨੁਕਸਾਨ ਪੁੱਜਾ ਸੀ। ਜੱਜ ਨੇ 27 ਸਾਲਾ ਵਿਅਕਤੀ ਜਿਸ ਨੇ ਅੰਡਰਕਵਰ (ਸੂਹੀਆ) ਅਫਸਰਾਂ ਕੋਲ ਇਕਬਾਲ ਕੀਤਾ ਸੀ ਨੂੰ ਉਸ ਦੇ ਆਪਣੇ 6 ਮਹੀਨਿਆਂ ਦੇ ਪੁੱਤਰ ਦੀ ਮੌਤ ਵਿਚ ਮੈਨਸਲਾਟਰ ਦਾ ਦੋਸ਼ੀ ਪਾਇਆ ਹੈ। ਅਸਲ ਵਿਚ ਕ੍ਰਿਸਟੋਫਰ ਲਾਮਾਰਚੇ 'ਤੇ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਉਸ ਦੇ ਪੁੱਤਰ ਜੈਰੇਕ ਹਮੇਨੀਯੁਕ ਦੀ ਮਈ 2017 ਨੂੰ ਆਪਣੀ ਬੇਸੀਨੇਟ ਵਿਚੋਂ ਲਾਸ਼ ਮਿਲੀ ਸੀ। ਉਸ ਦੀ ਕਾਲਰਬੋਨ ਟੁੱਟੀ ਹੋਈ ਸੀ ਅਤੇ ਉਸ ਦੇ ਦਿਮਾਗ ਤੇ ਪੱਸਲੀਆਂ ਨੁਕਸਾਨਗ੍ਰਸਤ ਸਨ। ਐਡਮਿੰਟਨ ਕੋਰਟ ਆਫ ਕੁਈਨਸ ਬੈਂਚ ਦੇ ਜਸਟਿਸ ਸਟਰਲਿੰਗ ਸੈਂਡਰਮੈਨ ਨੇ ਕਿਹਾ ਕਿ ਲਾਮਾਰਚੇ ਦੇ ਪਿਤਾ ਨੇ ਗਵਾਹੀ ਦਿੱਤੀ ਕਿ ਜੈਰੇਕ ਦੀ ਲਾਮਾਰਚੇ ਦੇ ਘਰ ਵਿਚ ਇਹ ਦੂਸਰੀ ਰਾਤ ਸੀ ਕਿਉਂਕਿ ਲੜਕੇ ਦੇ ਮਾਪੇ ਇਕੱਠੇ ਨਹੀਂ ਸਨ ਰਹਿੰਦੇ। ਸੈਂਡਰਮੈਨ ਨੇ ਕਿਹਾ ਕਿ ਉਹ ਇਕ ਸਿਹਤਮੰਦ ਤੇ ਖੁਸ਼ ਰਹਿਣ ਵਾਲਾ ਬੱਚਾ ਸੀ ਜਿਹੜਾ ਪੂਰੀ ਤਰ੍ਹਾਂ ਆਪਣੀ ਦੇਖਭਾਲ ਕਰਨ ਵਾਲਿਆਂ 'ਤੇ ਨਿਰਭਰ ਸੀ। ਉਸ ਦੀ ਮੌਤ ਉਸ ਨੂੰ ਲੱਗੀਆਂ ਸੱਟਾਂ ਕਾਰਨ ਹੋਈ ਸੀ। ਸਜ਼ਾ ਸੁਣਾਉਣ ਦੀ ਤਾਰੀਕ ਬਾਅਦ ਵਿਚ ਤਹਿ ਕੀਤੀ ਜਾਵੇਗੀ।

## ਵਿੰਨੀਪੈਗ ਪੁਲਿਸ ਨੇ ਕੋਵਿਡ-19 ਮਾਮਲੇ ਵਧਣ ਕਾਰਨ ਐਮਰਜੈਂਸੀ ਐਲਾਨੀ

ਵਿਨੀਪੇਗ–ਵਿਨੀਪੇਗ ਪੁਲਿਸ ਸਰਵਿਸ ਵਿਚ ਕੋਵਿਡ–19 ਦੇ ਮਾਮਲਿਆਂ ਵਿਚ ਤੇਜ਼ੀ ਕਾਰਨ ਸ਼ਹਿਰ ਦੇ ਪੁਲਿਸ ਮੁਖੀ ਨੂੰ ਸਟੇਟ ਆਫ ਐਮਰਜੈਂਸੀ ਲਈ ਪ੍ਰੇਰਿਆ ਹੈ। ਬੁੱਧਵਾਰ ਬਾਅਦ ਦੁਪਹਿਰ ਭੇਜੀ ਇਕ ਨਿਊਜ਼ ਰਿਲੀਜ਼ ਚਿ ਪੁਲਿਸ ਚੀਫ ਡੈਨੀ ਸਮਿਥ ਨੇ ਕਿਹਾ ਕਿ ਸਰਵਿਸ ਵਿਚ ਕੋਵਿਡ–19 ਦੇ 90 ਐਕਟਿਵ ਮਾਮਲੇ ਹਨ ਅਤੇ 170 ਮੁਲਾਜ਼ਮਾਂ ਨੇ ਕੋਵਿਡ–19 ਨਾਲ ਸਬੰਧਤ ਛੁੱਟੀ ਲਈ ਸਮਾਂ ਬੁੱਕ ਕੀਤਾ ਹੈ। ਚੀਫ਼ ਸਮਿਥ ਨੇ ਇਕ ਬਿਆਨ ਵਿਚ ਕਿਹਾ ਕਿ ਮੌਜੂਦਾ ਕੋਵਿਡ–19 ਸਥਿਤੀ ਨੇ ਸਾਡੇ ਵਸੀਲਿਆਂ ਨੂੰ ਕਾਫੀ ਪ੍ਰਭਾਵਤ ਕੀਤਾ ਹੈ। ਜ਼ਰੂਰੀ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਸਾਡੀ ਕੰਮਕਾਜ ਜਾਰੀ ਰੱਖਣ ਦੀ ਯੋਜਨਾ ਦੇ ਹਿੱਸਿਆਂ, ਖ਼ਾਸਕਰ ਜਨਰਲ ਪੈਟਰੋਲ ਨੂੰ ਲਾਗੂ ਕਰਨਾ ਜ਼ਰੂਰੀ ਹੋ ਗਿਆ ਹੈ। ਸਰਵਿਸ ਨੇ 10 ਜਨਵਰੀ ਤੋਂ 80 ਅਫਸਰਾਂ ਨੂੰ ਆਮ ਗਸ਼ਤ ਸ਼ੁਰੂ ਕਰਨ ਲਈ ਜ਼ਿੰਮੇਵਾਰੀ ਸੌਂਪੀ ਹੈ ਅਤੇ ਦੂਸਰੇ ਯੂਨਿਟਾਂ ਤੋਂ ਹੋਰ ਅਫਸਰਾਂ ਨੂੰ ਥੋੜੇ ਸਮੇਂ ਦੇ ਨੋਟਿਸ ਨਾਲ ਮੁੜ ਤਾਇਨਾਤ ਕੀਤਾ ਜਾਵੇਗਾ। ਸਮਿਥ ਨੇ ਦੱਸਿਆ ਕਿ 900 ਅਫਸਰ ਰੋਸਟਰ 'ਤੇ ਹਨ ਅਤੇ 136 ਬਿਮਾਰ ਹਨ। ਤਬਦੀਲੀਆਂ ਆਮ ਗਸ਼ਤ ਯੂਨਿਟਾਂ ਉਪਲਬਧ ਰੱਖਣ ਲਈ ਕੀਤੀਆਂ ਗਈਆਂ ਹਨ। ਪੁਲਿਸ ਨੇ ਦੱਸਿਆ ਕਿ ਜੇਕਰ ਹਾਲਾਤ ਬਦਲਦੇ ਹਨ ਅਤੇ ਸਟਾਫ ਪੱਧਰ 'ਤੇ ਹੋਰ ਦਬਾਅ ਬਣਦਾ ਹੈ ਤਾਂ ਅਸੀਂ ਹੋਰ ਮੁਲਾਜ਼ਮਾਂ ਨੂੰ ਮੁੜ ਤੋਂ ਤਾਇਨਾਤ ਕਰਨ ਜਾਂ ਸ਼ਿਫਟ ਮਾਡਲ ਦੇ ਪੁਨਰਗਠਨ 'ਤੇ ਵਿਚਾਰ ਕਰਾਂਗੇ ਜਿਹੜੀ ਮੌਜੂਦਾ ਸਮੇਂ ਲਾਗੂ ਹੈ।


ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S&S Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਕਿਸਾਨ ਹਿੱਤਾਂ ਦੇ ਓਹਲੇ ਰਾਜਸੀ ਜੂਏਬਾਜ਼ੀ...

ਸੁਖਵਿੰਦਰ ਸਿੰਘ ਚੋਹਲਾ

22 ਕਿਸਾਨ ਜਥੇਬੰਦੀਆਂ ਵਲੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੇ ਐਲਾਨ ਨਾਲ ਜਿਥੇ ਸਿਆਸੀ ਗਲਿਆਰਿਆਂ ਅਤੇ ਆਮ ਲੋਕਾਂ ਵਿਚ ਰਲਵੇ ਮਿਲਵੇਂ ਪ੍ਰਤੀਕਰਮ ਹਨ, ਉਥੇ ਸਿਆਸੀ ਮਾਹਿਰਾਂ ਵਲੋਂ ਇਸਨੂੰ ਕਿਸਾਨ ਮੋਰਚੇ ਦੀ ਜਿੱਤ ਉਪਰ ਜੂਏਬਾਜ਼ੀ ਕਰਾਰ ਦਿੱਤਾ ਜਾ ਰਿਹਾ ਹੈ। ਅਤੀਤ ਵਿਚ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨਾਲ 'ਰਾਸਲੀਲਾ' ਰਚਾ ਚੁੱਕੇ ਕਿਸਾਨ ਆਗੂ ਆਪਣੀ ਦੱਬੀ ਹੋਈ ਖਾਹਸ਼ ਨੂੰ ਮੁੜ ਸੁਰਜੀਤ ਕਰਦਿਆਂ ਸੰਯੁਕਤ ਸਮਾਜ ਮੋਰਚੇ ਦੀ ਕਾਇਮੀ ਨੂੰ ਲੋਕ ਇੱਛਾ ਦਾ ਨਾਮ ਤਾਂ ਦੇ ਰਹੇ ਹਨ ਪਰ ਮੋਰਚੇ ਦੀਆਂ ਵੱਡੀਆਂ ਧਿਰਾਂ ਵਲੋਂ ਚੋਣ ਨੀਤੀ ਨੂੰ ਸਿਰੇ ਤੋਂ ਨਕਾਰ ਦੇਣ ਨਾਲ ਮੋਰਚੇ ਦਾ ਦੁਫਾੜ ਹੋਣਾ ਚਿੰਤਾਜਨਕ ਹੈ। ਇਸਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ ਜਨਤਕ ਤੌਰ ਤੇ ਇਹ ਐਲਾਨ ਕਰ ਚੁੱਕਾ ਹੈ ਕਿ ਜੋ ਕਿਸਾਨ ਆਗੂ ਚੋਣ ਰਾਜਨੀਤੀ ਵਿਚ ਕੁੱਦਣਾ ਚਾਹੇਗਾ, ਉਸਨੂੰ ਮੋਰਚੇ ਨਾਲੋਂ ਜੁਦਾ ਹੋਣਾ ਪਵੇਗਾ ਭਾਵ ਉਸਦਾ ਭਵਿੱਖ ਵਿਚ ਮੋਰਚੇ ਨਾਲ ਕੋਈ ਸਬੰਧ ਨਹੀ ਰਹੇਗਾ। ਇਸਤੋਂ ਪਹਿਲਾਂ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਸਿਆਸੀ ਸਰਗਰਮੀ ਵਿਖਾਉਣ ਕਾਰਣ ਮੋਰਚੇ ਤੋਂ ਮੁਅੱਤਲੀ ਦੀ ਸਜ਼ਾ ਭੁਗਤਣੀ ਪਈ ਹੈ। ਚੜੂਨੀ ਸੰਯੁਕਤ ਸੰਘਰਸ਼ ਪਾਰਟੀ ਬਣਾਉਣ ਉਪਰੰਤ ਸੰਯੁਕਤ ਸਮਾਜ ਮੋਰਚੇ ਵਾਂਗ ਪੰਜਾਬ ਦੀਆਂ ਸਾਰੀਆਂ ਸੀਟਾਂ ਉਪਰ ਆਪਣੇ ਉਮੀਦਵਾਰ ਖੜੇ ਕਰਨ ਦਾ ਐਲਾਨ ਕਰ ਚੁੱਕੇ ਹਨ। ਚੋਣ ਮੈਦਾਨ ਵਿਚ ਨਿਤਰਨ ਵਾਲੇ ਕਿਸਾਨ ਆਗੂਆਂ ਦਾ ਦਾਅਵਾ ਹੈ ਕਿ ਰਵਾਇਤੀ ਸਿਆਸੀ ਪਾਰਟੀਆਂ ਕਿਸਾਨ ਜਾਂ ਸਮਾਜ ਦੇ ਹੋਰ ਵਰਗਾਂ ਲਈ ਕੰਮ ਨਹੀ ਕਰ ਰਹੀਆਂ ਬਲਕਿ ਉਹ ਪੂੰਜੀਪਤੀਆਂ ਦੇ ਹਿੱਤਾਂ ਦੀ ਰਾਖੀ ਕਰ ਰਹੀਆਂ ਹਨ। ਉਹ ਰਵਾਇਤੀ ਪਾਰਟੀਆਂ ਤੋਂ ਤੰਗ ਆਏ ਲੋਕਾਂ ਨੂੰ ਇਕ ਨਰੋਆ ਤੇ ਇਮਾਨਦਾਰ ਬਦਲ ਦੇਣਾ ਚਾਹੁੰਦੇ ਹਨ। ਇਹਨਾਂ ਕਿਸਾਨ ਪਾਰਟੀਆਂ ਦੇ ਰਾਜਨੀਤੀ ਵਿਚ ਭਾਗ ਲੈਣ ਜਾਂ ਚੋਣਾਂ ਲੜਨ ਉਪਰ ਕਿਸੇ ਨੂੰ ਕੋਈ ਇਤਰਾਜ਼ ਨਹੀ। ਚੋਣਾਂ ਇਕ ਜਮਹੂਰੀ ਅਮਲ ਹੈ ਪਰ ਸਵਾਲ ਇਹ ਹੈ ਕਿ ਨਵੀਆਂ ਬਣੀਆਂ ਕਿਸਾਨ ਪਾਰਟੀਆਂ ਰਵਾਇਤੀ ਪਾਰਟੀਆਂ ਦੇ ਸੰਗਠਿਤ ਚੋਣ ਤੰਤਰ ਦਾ ਮੁਕਾਬਲਾ ਕਿਵੇਂ ਕਰ ਪਾਉਣਗੀਆਂ? ਉਹਨਾਂ ਦੀ ਚੋਣ ਪਿੜ ਵਿਚ ਸ਼ਮੂਲੀਅਤ ਮੋਰਚੇ ਦੀ ਅਗਲੇਰੀ ਸਫਲਤਾ ਦੇ ਰਾਹ ਵਿਚ ਕੋਈ ਅੜਿਕਾ ਤਾਂ ਨਹੀ ਬਣੇਗੀ? ਦਿੱਲੀ ਦੀਆਂ ਹੱਦਾਂ ਉਪਰ ਲਗਪਗ ਡੇਢ ਸਾਲ ਤਿੰਨ ਖੇਤੀ ਕਨੂੰਨਾਂ ਖਿਲਾਫ ਲੜੇ ਗਏ ਸੰਘਰਸ਼ ਦੀ ਸਫਲਤਾ ਨੂੰ ਆਪਣੀ ਸੁਯੋਗ ਅਗਵਾਈ ਚਿਤਵ ਤੇ ਪ੍ਰਚਾਰ ਰਹੀਆਂ




ਕੁਝ ਧਿਰਾਂ ਸ਼ਾਇਦ ਇਕ ਤੱਥ ਨੂੰ ਅਣਗੌਲਾ ਕਰ ਰਹੀਆਂ ਹਨ ਕਿ ਇਹ ਸਫਲਤਾ ਕੇਵਲ ਕਿਸਾਨ ਮੋਰਚੇ ਦੀ ਜਿੱਤ ਨਹੀ ਬਲਕਿ ਪਾਰਟੀ ਪੱਧਰ ਤੋਂ ਉਪਰ ਉਠਕੇ ਸਾਰੀਆਂ ਸਿਆਸੀ ਧਿਰਾਂ, ਮੁਲਾਜ਼ਮ ਤੇ ਸਮਾਜਿਕ ਜਥੇਬੰਦੀਆਂ ਵਲੋਂ ਕੀਤੀ ਗਈ ਹਮਾਇਤ ਚੋਂ ਨਿਕਲੀ ਲੋਕ ਸ਼ਕਤੀ ਦੀ ਜਿੱਤ ਹੈ। ਕਿਸਾਨ ਸੰਘਰਸ਼ ਵਿਚ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਤੋਂ ਇਲਾਵਾ ਸਮਾਜਿਕ ਸੰਗਠਨਾਂ, ਕਈ ਐਨ ਜੀ ਓ, ਵਲੰਟੀਅਰਾਂ ਤੇ ਗੁਰੂ ਘਰਾਂ ਵਲੋਂ ਲਗਾਏ ਗਏ ਲੰਗਰਾਂ ਤੇ ਹੋਰ ਸੇਵਾ ਕਾਰਜਾਂ ਦਾ ਯੋਗਦਾਨ ਕਿਸੇ ਤੋਂ ਛੁਪਿਆ ਹੋਇਆ ਨਹੀ। ਕਿਸਾਨ ਯੂਨੀਅਨਾਂ ਲੋਕ ਸ਼ਕਤੀ ਨੂੰ ਆਪਣੀ ਸ਼ਕਤੀ ਸਮਝਣ ਦੀ ਭੁੱਲ ਕਰਦਿਆਂ ਇਹ ਮੱਤ ਸੋਚਣ ਕਿ ਖੇਤੀ ਕਨੂੰਨਾਂ ਖਿਲਾਫ ਪਾਰਟੀ ਪੱਧਰ ਤੋਂ ਉਪਰ ਕਿਸਾਨਾਂ ਨਾਲ ਖੜਨ ਵਾਲੀਆਂ ਧਿਰਾਂ ਚੋਣ ਮੈਦਾਨ ਵਿਚ ਉਹਨਾਂ ਨੂੰ ਚੁੱਪਚਾਪ ਅੱਗੇ ਵਧਣ ਲਈ ਰਾਹ ਦੇ ਦੇਣਗੀਆਂ। ਚੋਣ ਮੈਦਾਨ ਵਿਚ ਕੁੱਦਣ ਵਾਲੀਆਂ ਪਾਰਟੀਆਂ ਲਈ ਕੇਵਲ ਚੋਣ ਪ੍ਰਚਾਰ ਅਤੇ ਚੋਣ ਮੁਹਿੰਮ ਚਲਾਉਣਾ ਹੀ ਕਾਫੀ ਨਹੀ ਹੁੰਦਾ ਬਲਕਿ ਬੂਥ ਪੱਧਰ ਤੱਕ ਚੋਣ ਪ੍ਰਬੰਧਨ ਦੀ ਸਮਰੱਥਾ ਅਤਿ ਲੋੜੀਦੀ ਤੇ ਮਹੱਤਵਪੂਰਣ ਹੁੰਦੀ ਹੈ। ਸਾਲਾਂ ਤੋਂ ਵਿਚਰ ਰਹੀਆਂ ਰਵਾਇਤੀ ਧਿਰਾਂ ਦਾ ਆਪਣਾ ਇਕ ਵੋਟ ਬੈਂਕ ਹੈ। ਉਸਨੂੰ ਕੇਵਲ ਲੋਕ ਵਿਰੋਧ ਦੇ ਬਹਾਨੇ ਤੋੜਨਾ ਇਤਨਾ ਆਸਾਨ ਨਹੀ । ਇਸ ਲਈ ਲੰਬੀ ਰਣਨੀਤੀ ਦਰਕਾਰ ਹੈ। ਕਿਸੇ ਹਮਖਿਆਲ ਸਿਆਸੀ ਧਿਰ ਨਾਲ ਤਾਲਮੇਲ ਬਿਠਾਉਣਾ ਜ਼ਰੂਰੀ ਹੈ। ਜਿਸ ਆਮ ਆਦਮੀ ਪਾਰਟੀ ਨਾਲ ਕਿਸਾਨ ਧਿਰਾਂ ਦੇ ਗਠਜੋੜ ਦੀ ਚਰਚਾ ਚਲਦੀ ਰਹੀ ਹੈ, ਉਹ ਪਾਰਟੀ ਵੀ ਆਪਣੀਆਂ ਗਿਣਤੀਆਂ ਮਿਣਤੀਆਂ ਵਿਚ ਉਲਝੀ ਦਿਖਾਈ ਦੇ ਰਹੀ ਹੈ। ਅਜਿਹੇ ਵਿਚ ਕੇਵਲ ਨਿਰੋਲ ਕਿਸਾਨੀ ਦੀ 17 ਤੋਂ 25 ਪ੍ਰਤੀਸ਼ਤ ਵੋਟ ਨੂੰ ਆਧਾਰ ਬਣਾਕੇ ਸਾਰੀਆਂ ਸੀਟਾਂ ਉਪਰ ਆਪਣੇ ਉਮੀਦਵਾਰ ਖੜੇ ਕਰਨ ਦਾ ਐਲਾਨ ਕਿਸ ਧਿਰ ਦੇ ਹਿੱਤ ਪੂਰੇਗਾ? ਸੰਭਵ ਹੈ ਚੋਣਾਂ ਲੜਨ ਦਾ ਫੈਸਲਾ ਕਰਨ ਵਾਲੇ ਕਿਸਾਨ ਆਗੂਆਂ ਦੀ ਸੋਚ ਹੋਵੇ ਕਿ ਰਵਾਇਤੀ ਪਾਰਟੀਆਂ ਖਿਲਾਫ ਲੋਕ ਰੋਹ ਉਹਨਾਂ ਨੂੰ ਵਿਧਾਨ ਸਭਾ ਦਾ ਰਾਹ ਵਿਖਾਏਗਾ ਪਰ ਕੀ ਇਹ ਲੋਕ ਰੋਹ ਦੇਸ਼ ਵਿਚ ਐਮਰਜੈਂਸੀ ਦੌਰਾਨ ਪੈਦੇ ਹੋਏ ਹਾਲਾਤ ਵਾਂਗ ਹੈ? ਦਿੱਲੀ ਦੀ ਸੱਤਾ ਉਪਰ ਕਾਬਜ਼ ਭਾਜਪਾ ਅੱਜ ਵੀ ਆਪਣਾ ਫਿਰਕੂ ਪੱਤਾ ਖੇਡਦਿਆਂ ਵੱਡਾ ਜਨਤਕ ਆਧਾਰ ਸੰਭਾਲੀ ਬੈਠੀ ਹੈ। ਦੂਸਰੇ ਪਾਸੇ ਕਿਸਾਨ ਮੋਰਚਾ ਚੋਣਾਂ ਦੇ ਮੁੱਦੇ ਉਪਰ ਵੰਡਿਆ ਪਿਆ ਹੈ। ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਅਤੇ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਤੇ ਰਾਜਿੰਦਰ ਸਿੰਘ ਦੀਪਸਿੰਘਵਾਲਾ ਦੀ ਕਿਰਤੀ ਕਿਸਾਨ ਯੂਨੀਅਨ ਦਾ ਚੋਣ ਰਾਜਨੀਤੀ ਖਿਲਾਫ ਸਟੈਂਡ ਸਪੱਸ਼ਟ ਹੈ । ਇਹਨਾਂ ਆਗੂਆਂ ਨੇ ਐਮ ਐਸ ਪੀ ਗਾਰੰਟੀ ਕਨੂੰਨ ਤੇ ਹੋਰ ਲਟਕਦੀਆਂ ਮੰਗਾਂ ਤੇ ਕਿਸਾਨ ਸੰਘਰਸ਼ ਨੂੰ ਅਧੂਰਾ ਦੱਸਦਿਆਂ ਅਗਲੇ ਪੜਾਅ ਲਈ ਅੱਗੇ ਵਧਣ ਤੇ ਚੋਣਾਂ ਲੜਨ ਦੇ ਚਾਹਵਾਨ ਆਗੂਆਂ ਨੂੰ ਆਪਣੇ ਫੈਸਲੇ ਤੇ ਪੁਨਰ ਵਿਚਾਰ ਅਤੇ ਵਾਪਸੀ ਦੀ ਅਪੀਲ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਕੇਵਲ ਐਮ ਐਸ ਪੀ ਗਾਰੰਟੀ ਹੀ ਨਹੀ ਬਲਕਿ ਖੇਤੀ ਨੂੰ ਲਾਹੇਵੰਦਾ ਬਣਾਉਣ ਲਈ ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਅਤੇ ਕਾਰਪੋਰੇਟ ਜਗਤ ਵਲੋਂ ਸਰਕਾਰਾਂ ਨਾਲ ਮਿਲਕੇ ਖੇਤੀ ਜ਼ਮੀਨ ਅਤੇ ਪੈਦਾਵਾਰ ਉਪਰ ਕਬਜ਼ੇ ਲਈ ਗੁੰਦੀਆਂ ਜਾ ਰਹੀਆਂ ਵਿਉਂਤਾਂ ਖਿਲਾਫ ਇਕ ਲੰਬੀ ਤੇ ਮੁਸਲਸਲ ਲੜਾਈ ਹੈ। ਅਜਿਹੇ ਵਿਚ ਅਸਲ ਲੜਾਈ ਨੂੰ ਛੱਡ ਨਿੱਜ ਤੋਂ ਪ੍ਰੇਰਿਤ ਵਕਤੀ ਚੋਣ ਰਾਜਨੀਤੀ ਵਿਚ ਫਸਣਾ ਜੂਏਬਾਜ਼ੀ ਤੋਂ ਘੱਟ ਨਹੀ। ਉਹ ਜੂਏਬਾਜ਼ੀ ਜਿਸਦੀ ਬਸਾਤ ਉਪਰ ਪਾਸਾ ਸੁੱਟਣ ਤੋਂ ਪਹਿਲਾਂ ਹੀ ਖਿਡਾਰੀ ਆਪਣੀ ਪੱਕੀ ਤੇ ਹਮਾਇਤੀ ਧਿਰ ਦਾ ਸਾਥ ਪਹਿਲਾਂ ਹੀ ਹਾਰ ਚੁੱਕਾ ਹੋਵੇ। ਚੋਣ ਲੜਨ ਲਈ ਅਮਾਦਾ ਸੰਯੁਕਤ ਸਮਾਜ ਮੋਰਚਾ ਅਗਲੇ ਦਿਨਾਂ ਵਿਚ ਕੀ ਪੈਂਤੜਾ ਆਪਣਾਏਗਾ? ਸਿਆਸੀ ਰੋਲ ਘਚੋਲੇ ਤੋਂ ਸਿਵਾਏ ਕੁਝ ਵੱਖਰਾ ਨਹੀ ਹੋਵੇਗਾ। ਦਾਅਵਾ ਤਾਂ ਹੈ ਕਿ ਉਹ ਕਿਸਾਨ ਹਿੱਤਾਂ ਲਈ ਇਕਮੁੱਠ ਹਨ ਪਰ ਚੋਣ ਰਾਜਨੀਤੀ ਨੂੰ ਅਛੂਤ ਕਰਾਰ ਦੇਣ ਵਾਲੇ ਆਗੂ 15 ਜਨਵਰੀ ਦੀ ਮੁਲਾਂਕਣ ਮੀਟਿੰਗ ਵਿਚ ਕੀ ਫੈਸਲਾ ਲੈਂਦੇ ਹਨ, ਮਹੱਤਵਪੂਰਣ ਰਹੇਗਾ। ਰਾਜਨੀਤਕ ਫਰੰਟ ਵਾਲੇ ਆਗੂ ਕਿਸ ਹੈਸੀਅਤ ਵਿਚ ਸ਼ਾਮਿਲ ਹੋਣਗੇ? ਜਾਂ ਖੁਦ ਹੀ ਦੂਰੀ ਬਣਾ ਲੈਣਗੇ ਮੀਟਿੰਗ ਤੋਂ? ਸਵਾਲ ਕਈ ਹਨ। ਪਰ ਸਭ ਸਵਾਲਾਂ ਦਾ ਇਕ ਜਵਾਬ ਤਾਂ ਸਪੱਸ਼ਟ ਹੈ ਕਿ ਸਖਤ ਮਿਜਾਜ਼ ਮੋਦੀ ਸਰਕਾਰ ਨੂੰ ਝੁਕਾਉਣ ਵਾਲਾ ਕਿਸਾਨ ਮੋਰਚਾ ਹੁਣ 'ਵੋਟਾਂ -ਵੋਟਾਂ' ਖੇਡਦਾ...ਹਕੂਮਤ ਲਈ ਲਲਕਾਰ ਨਹੀ ਰਿਹਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਤਿੰਨ ਕੈਨੇਡੀਅਨ ਏਅਰਲਾਈਨਾਂ ਨੇ ਖਰੂਦੀ ਕਿਊਬਕਾਂ ਨੂੰ ਚੜ੍ਹਾਉਣ ਤੋਂ ਕੀਤਾ ਇਨਕਾਰ

ਓਟਵਾ-ਕਈ ਕੈਨੇਡੀਅਨ ਏਅਰਲਾਈਨਾਂ ਨੇ ਕਿਹਾ ਕਿ ਉਹ ਕੈਨਕੁਨ ਤੋਂ ਵਾਪਸ ਆ ਰਹੇ ਕਿਊਬਕ ਸੋਸ਼ਲ ਮੀਡੀਆ ਪ੍ਰਭਾਵਕਾਂ ਅਤੇ ਰਿਐਲਿਟੀ ਟੀਵੀ ਸਟਾਰਸ ਦੇ ਗਰੁੱਪ ਨੂੰ ਜਹਾਜ਼ 'ਤੇ ਸਵਾਰ ਹੋਣ ਤੋਂ ਇਨਕਾਰ ਕਰ ਦੇਣਗੀਆਂ ਜਿਹੜੇ ਪਿਛਲੇ ਹਫਤੇ ਆਪਣੀ ਰਵਾਨਗੀ ਉਡਾਨ ਦੌਰਾਨ ਆਇਲਾਂ (ਸੀਟਾਂ ਵਿਚਕਾਰ ਬਣੇ ਰਸਤੇ) ਵਿਚ ਬਿਨ੍ਹਾਂ ਮਾਸਕ ਪਹਿਨੇ ਪਾਰਟੀ ਕਰਦੇ, ਵੈਪਿੰਗ ਤੇ ਦਾਰੂ ਪੀ ਕੇ ਗਾਉਂਦੇ ਤੇ ਨੱਚਦੇ ਦੇਖੇ ਗਏ ਸਨ। ਸਨਵਿੰਗ ਏਅਰਲਾਈਨਜ਼ ਦੇ ਚਾਰਟਿਡ ਜਹਾਜ਼ ਦੀ 30 ਦਸੰਬਰ ਦੀ ਉਡਾਨ 'ਤੇ ਸਵਾਰ ਖਰੂਦੀਆਂ ਦੇ ਗਰੁੱਪ ਦੀ ਵੀਡੀਓ ਵਿਆਪਕ ਤੌਰ 'ਤੇ ਆਨਲਾਈਨ ਪ੍ਰਸਾਰਤ ਕੀਤੀ ਗਈ ਅਤੇ ਵਿਸ਼ਵ ਭਰ ਵਿਚ ਸੁਰਖੀਆਂ ਬਣੀ ਹੈ ਅਤੇ ਇਸ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ। ਸਨਵਿੰਗ ਨਿਊਜ਼ ਜਨਤਕ ਰੂਪ ਵਿਚ ਇਹ ਕਹਿਣ ਵਾਲੀ ਪਹਿਲੀ ਏਅਰਲਾਈਨ ਹੈ ਕਿ ਉਹ ਖਰੂਦੀ ਯਾਤਰੀਆਂ ਦੇ ਗਰੁੱਪ ਦੀ ਵਾਪਸੀ ਉਡਾਨ ਰੱਦ ਕਰਨ ਪਿੱਛੋਂ ਉਹ ਆਪਣੇ ਜਹਾਜ਼ਾਂ ਵਿਚ ਉਨ੍ਹਾਂ ਨੂੰ ਸਵਾਰ ਨਹੀਂ ਹੋਣ ਦੇਵੇਗੀ। ਸੀਟੀਵੀ ਨਿਊਜ਼ ਨੂੰ ਭੇਜੇ ਇਕ ਬਿਆਨ ਵਿਚ ਏਅਰਲਾਈਨ ਨੇ ਦੋਸ਼ ਲਗਾਇਆ ਕਿ ਗਰੁੱਪ ਨੇ ਟਰਮਾਂ ਤੇ ਸ਼ਰਤਾਂ ਨੂੰ ਸਵੀਕਾਰ ਨਹੀਂ ਕੀਤਾ ਜਿਹੜੀਆਂ ਅਮਲੇ ਦੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਸਨ। ਬੁੱਧਵਾਰ ਆਪਣੀ ਨਿਰਧਾਰਤ ਸਫਰ ਖਤਮ ਹੋਣ ਪਿੱਛੋਂ ਹੁਣ ਹਰੇਕ ਵਿਅਕਤੀ ਘਰ ਵਾਪਸੀ ਲਈ ਇਕੱਲੇ ਤੌਰ 'ਤੇ ਆਪਣੀ ਟਿਕਟ ਬੁੱਕ ਕਰਵਾਉਣ ਦਾ ਯਤਨ ਕਰੇਗਾ। ਲਗਦਾ ਹੈ ਕਿ ਉਨ੍ਹਾਂ ਲਈ ਉਡਾਨ ਲੱਭਣਾ ਸੌਖੀ ਗੱਲ ਨਹੀਂ। ਬੁੱਧਵਾਰ ਸਵੇਰ ਏਅਰ ਟਰਾਂਜਿਟ ਨੇ ਉਸੇ ਰਸਤੇ ਚਲਦਿਆਂ ਵੀਡੀਓ ਵਿਚ ਦਿਸਦੇ ਲੋਕਾਂ ਨੂੰ ਜਹਾਜ਼ ਵਿਚ ਸਵਾਰ ਹੋਣ ਦੀ ਇਜਾਜ਼ਤ ਨਾ ਦੇਣ ਦਾ ਪ੍ਰਣ ਕੀਤਾ। ਕੁਝ ਘੰਟਿਆਂ ਬਾਅਦ ਕੈਨੇਡਾ ਦੇ ਫਲੈਗ ਕੈਰੀਅਰ ਨੇ ਵੀ ਆਪਣੇ ਜਹਾਜ਼ਾਂ 'ਤੇ ਯਾਤਰੀਆਂ ਨੂੰ ਸਵਾਰ ਹੋਣ ਤੋਂ ਰੋਕਣ ਦਾ ਐਲਾਨ ਕੀਤਾ ਹੈ।

## ਵਾਈਟ ਰੌਕ ਦੇ ਐਮਐਲਏ ਹੈਲਫੋਰਡ ਦੇ ਦਫਤਰ ਦੀ ਭੰਨ-ਤੋੜ

ਸਰੀ-ਛੁੱਟੀਆਂ ਦੌਰਾਨ ਵਾਈਟ ਰੌਕ ਦੇ ਐਮਐਲਏ ਟਰੇਵਰ ਹੈਲਫੋਰਡ ਦੇ ਹਲਕਾ ਦਫ਼ਤਰ (101-1493 ਜੌਹਨਸਨ ਰੋਡ) 'ਤੇ ਦਫ਼ਤਰ ਵਿਚ ਦਾਖਲ ਹੋ ਕੇ ਬੁਰੀ ਤਰ੍ਹਾਂ ਭੰਨਤੋੜ ਕੀਤੀ ਗਈ। ਹੈਲਫੋਰਡ ਨੂੰ ਤਬਾਹੀ ਦਾ ਪਤਾ ਉਸ ਦੇ ਮਕਾਨ ਮਾਲਕ ਦਾ ਨੋਟ ਮਿਲਣ ਪਿੱਛੋਂ ਲੱਗਾ ਜਿਸ ਨੇ ਦੱਸਿਆ ਕਿ ਇਮਾਰਤ ਵਿਚ ਤਬਾਹੀ ਮਚਾਈ ਪਈ ਹੈ। ਹੈਲਫੋਰਡ ਨੇ ਦੱਸਿਆ ਕਿ ਉਹ 3 ਜਨਵਰੀ ਨੂੰ ਦੁਪਹਿਰ 12 ਵਜੇ ਨੁਕਸਾਨ ਦੇਖਣ ਗਿਆ। ਉਸ ਨੇ ਪਹੁੰਚ ਕੇ ਦੇਖਿਆ ਸਾਰੇ ਦਫ਼ਤਰ ਤਹਿਸ ਨਹਿਸ ਕੀਤਾ ਹੋਇਆ ਸੀ। ਉਨ੍ਹਾਂ ਨੇ ਹਰ ਇਕ ਚੀਜ਼ ਦੇਖੀ। ਹੈਲਫੋਰਡ ਨੇ ਦੱਸਿਆ ਕਿ ਵਿਅਕਤੀ ਜਾਂ ਜ਼ਿਆਦਾ ਵਿਅਕਤੀ ਹਾਰਡ ਡਰਾਈਵ ਚੋਰੀ ਕਰਕੇ ਲੈ ਗਏ ਜਿਸ ਵਿਚ ਸਕਿਉਰਟੀ ਕੈਮੇਰੇ ਦੀ ਫੁੱਟੇਜ ਸੀ, ਉਨ੍ਹਾਂ ਕਈ ਡੈਸਕ ਤੋੜ ਦਿੱਤੇ ਅਤੇ ਫਾਈਲਾਂ ਵਾਲੀਆਂ ਅਲਮਾਰੀਆਂ ਨੂੰ ਖੋਲ੍ਹਿਆ। ਇਹ ਅਪਰਾਧ ਵਿਚ 25 ਦਸੰਬਰ ਅਤੇ ਤਿੰਨ ਜਨਵਰੀ ਵਿਚਕਾਰ ਕਿਸੇ ਸਮੇਂ ਵਾਪਰਿਆ ਹੈ। ਹਰ ਸੰਵੇਦਨਸ਼ੀਲ ਚੀਜ਼ਾਂ ਨੂੰ ਅਸੀਂ ਲਾਕ ਕੀਤੀਆਂ ਫਾਈਲਾਂ ਵਿਚ ਰੱਖਦੇ ਹਾਂ। ਅਸੀਂ ਇਹ ਯਕੀਨੀ ਬਣਾ ਕੇ ਹਰ ਚੀਜ਼ ਦੇਖ ਰਹੇ ਹਾਂ ਕਿ ਉਹ ਕੁਝ ਲੈ ਕੇ ਗਏ ਹਨ ਜਾਂ ਨਹੀਂ। ਹੈਲਫੋਰਡ ਨੇ ਦੱਸਿਆ ਕਿ ਉਸ ਦਾ ਸਟਾਫ ਛੁੱਟੀਆਂ ਵਿਚ ਕੰਪਿਊਟਰਾਂ ਨੂੰ ਆਪਣੇ ਘਰਾਂ ਵਿਚ ਲੈ ਗਿਆ ਸੀ। ਸਾਡੇ ਕੋਲ ਕੈਸ਼ ਰਜਿਸਟਰ ਨਹੀਂ। ਉਨ੍ਹਾਂ ਨੇ ਸ਼ਾਇਦ ਇਹ ਸੋਚ ਕੇ ਚੋਰੀ ਕੀਤੀ ਕਿ ਇਥੇ ਕੰਪਿਊਟਰ ਹਨ।

## ਟੈਸਟਿੰਗ ਸਾਈਟ ਸਟਾਫ ਨੂੰ ਧਮਕਾਇਆ ਜਾ ਰਿਹਾ-ਜਨਤਕ ਸੁਰੱਖਿਆ ਮੰਤਰੀ ਵਲੋਂ ਖੁਲਾਸਾ

ਵੈਨਕੂਵਰ-ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਕਿਹਾ ਕਿ ਬੀਸੀ ਵਿਚ ਕੋਵਿਡ-19 ਟੈਸਟਿੰਗ ਸਾਈਟਾਂ 'ਤੇ ਹੈਲਥ ਕੇਅਰ ਵਰਕਰਾਂ ਨੂੰ ਡਰਾਇਆ, ਧਮਕਾਇਆ ਅਤੇ ਜ਼ੁਬਾਨੀ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਕ ਤਿਆਰ ਬਿਆਨ ਵਿਚ ਫਾਰਨਵਰਥ ਨੇ ਕਿਹਾ ਕਿ ਬੀਸੀ ਨੇ ਟੈਸਟਿੰਗ ਸੈਂਟਰਾਂ ਵਿਖੇ ਹੈਲਥ ਕੇਅਰ ਵਰਕਰਾਂ ਦੀ ਸੁਰੱਖਿਆ ਤੇ ਤੰਦਰੁਸਤੀ ਵਿਚ ਮਦਦ ਲਈ ਅਕਸੈਸ ਟੂ ਸਰਵਿਸਜ਼ ਐਕਟ ਲਾਗੂ ਕੀਤਾ ਗਿਆ ਹੈ। ਫਾਰਨਵਰਧ ਨੇ ਕਿਹਾ ਕਿ ਟੈਸਟਿੰਗ ਸਾਈਟਾਂ 'ਤੇ ਸੇਵਾਵਾਂ ਵਿਚ ਰੁਕਾਵਟ ਪਾਉਣਾ ਜਾਂ ਵਰਕਰਾਂ ਨੂੰ ਧਮਕਾਉਣਾ ਗੈਰਕਾਨੂੰਨੀ ਹੈ ਅਤੇ ਸਾਰੀਆਂ ਧਮਕੀਆਂ ਅਤੇ ਹਮਲਾਵਰ ਵਿਵਹਾਰ ਦੀ ਪੁਲਿਸ ਨੂੰ ਰਿਪੋਰਟ ਕੀਤੀ ਜਾਵੇਗੀ। ਫਾਰਨਵਰਥ ਨੇ ਇਹ ਨਹੀਂ ਦੱਸਿਆ ਕਿ ਧਮਕੀ ਭਰਿਆ ਵਿਵਹਾਰ ਕੋਵਿਡ-19 ਟੈਸਟਿੰਗ ਦਾ ਵਿਰੋਧ ਕਰਨ ਵਾਲੇ ਮੁਜ਼ਾਹਰਾਕਾਰੀਆਂ ਦਾ ਹੈ ਜਾਂ ਲੋਕਾਂ ਦਾ ਜਿਹੜੇ ਪੀਸੀਆਰ ਜਾਂ ਰੈਪਿਡ ਐਂਟੀਜਨ ਟੈਸਟ ਕਰਵਾਉਣ ਲਈ ਘੰਟਿਆਂ ਬੱਧੀ ਉਡੀਕ ਕਰਨ ਅਤੇ ਕੋਈ ਲੱਛਣ ਨਾ ਦਿਸਣ ਕਾਰਨ ਨਕਾਰੇ ਜਾਣ ਪਿੱਛੋਂ ਨਿਰਾਸ਼ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਕੋਵਿਡ-19 ਦੇ ਲੱਛਣ ਦਿਖਾਈ ਨਹੀਂ ਦਿੰਦੇ ਉਨ੍ਹਾਂ ਨੂੰ ਟੈਸਟ ਨਹੀਂ ਕਰਵਾਉਣਾ ਚਾਹੀਦਾ।


## ਸਨਵਿੰਗ ਫਲਾਈਟ 'ਤੇ ਮਾਸਕ ਰਹਿਤ ਪਾਰਟੀ ਸਵੀਕਾਰਨਯੋਗ ਨਹੀਂ-ਟਰਾਂਸਪੋਰਟ ਮੰਤਰੀ

ਮਾਂਟਰੀਅਲ-ਫੈਡਰਲ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਟਰਾਂਸਪੋਰਟ ਕੈਨੇਡਾ ਨੂੰ ਮਾਂਟਰੀਅਲ ਤੋਂ ਕੈਨਕੁਨ, ਮੈਕਸੀਕੋ ਲਈ ਹਾਲ ਹੀ ਵਿਚ ਸਨਵਿੰਗ ਏਅਰਲਾਈਨਜ਼ 'ਤੇ ਅਸਵੀਕਾਰਯੋਗ ਵਿਵਹਾਰ ਦੀਆਂ ਰਿਪੋਰਟਾਂ ਦੀ ਜਾਂਚ ਕਰਨ ਲਈ ਕਿਹਾ ਹੈ। 30 ਦਸੰਬਰ ਦੀ ਉਡਾਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਹੈ ਜਿਸ ਵਿਚ ਯਾਤਰੀ ਬਿਨ੍ਹਾਂ ਮਾਸਕ ਪਹਿਨੇ ਇਕੱਠੇ ਹੋਏ ਗਾਉਂਦੇ ਤੇ ਨੱਚਦੇ ਦਿਖਾਈ ਦਿੰਦੇ ਹਨ। ਇਕ ਵੀਡੀਓ ਵਿਚ ਵੋਦਕਾ ਦੀ ਵੱਡੀ ਬੋਤਲ ਇਕ ਦੂਸਰੇ ਨੂੰ ਦਿੰਦੇ ਦਿਖਾਈ ਦਿੰਦੇ ਹਨ ਅਤੇ ਬਾਅਦ ਵਿਚ ਇਕ ਔਰਤ ਜਹਾਜ਼ 'ਤੇ ਇਲੈਕਟ੍ਰਾਨਿਕ ਸਿਗਰੇਟ ਪੀਂਦੀ ਦਿਖਾਈ ਦਿੰਦੀ ਹੈ। ਰਿਪੋਰਟਾਂ ਮੁਤਾਬਿਕ ਇਹ ਜਹਾਜ਼ ਚਾਰਟਿਡ ਕੀਤਾ ਹੋਇਆ ਸੀ ਅਤੇ ਯਾਤਰੀਆਂ ਵਿਚ ਕੁਝ ਮੈਂਬਰ ਕਿਊਬਕ ਰੀਐਲਟੀ ਟੈਲੀਵੀਜ਼ਨ ਸ਼ੋਅਜ਼ ਨਾਲ ਸਬੰਧਤ ਸਨ। ਅਲਘਬਰਾ ਨੇ ਟਵਿੱਟਰ ਪੋਸਟ 'ਤੇ ਲਿਖਿਆ ਕਿ ਉਨ੍ਹਾਂ ਨੇ ਮਾਮਲੇ ਦੀ ਜਾਂਚ ਕਰਨ ਲਈ ਟਰਾਂਸਪੋਰਟ ਕੈਨੇਡਾ ਨੂੰ ਕਿਹਾ ਹੈ। ਸਾਨੂੰ ਕੋਵਿਡ ਦੇ ਖ਼ਤਰਿਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਬਾਅਦ ਵਿਚ ਅਲਘਬਰਾ, ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ ਅਤੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੈਂਡੀਸਿਨੋ ਨੇ ਇਸ ਸਾਂਝੇ ਬਿਆਨ ਵਿਚ ਆਪੋ ਆਪਣੇ ਵਿਭਾਗਾਂ ਨੂੰ ਜਾਂਚ ਕਰਨ ਲਈ ਕਿਹਾ ਹੈ। ਬਿਆਨ ਵਿਚ ਕਿਹਾ ਕਿ ਟਰਾਂਸਪੋਰਟ ਕੈਨੇਡਾ ਨੇ ਏਅਰਲਾਈਨ ਨਾਲ ਸੰਪਰਕ ਕਰਕੇ ਕਿਹਾ ਕਿ ਜਿਨ੍ਹਾਂ ਯਾਤਰੀਆਂ ਨੇ ਵਿਭਾਗ ਦੇ ਨਿਯਮਾਂ ਦੀ ਉਲੰਘਣਾ ਕੀਤੀ ਉਨ੍ਹਾਂ ਨੂੰ ਪ੍ਰਤੀ ਅਪਰਾਧ 5 ਹਜ਼ਾਰ ਡਾਲਰ ਜ਼ੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ।




## ਸਰੀ ਦੀ ਦੱਖਣੀ ਸਰਹੱਦ ਤੋਂ 100 ਕਿਲੋ ਨਸ਼ੀਲੇ ਪਦਾਰਥ ਜ਼ਬਤ

ਵੈਨਕੂਵਰ-ਸਰੀ ਦੀ ਦੱਖਣੀ ਸਰਹੱਦ ਤੋਂ 100 ਕਿਲੋ ਮੇਥਲਫੇਟਾਮਾਈਨ ਨਸ਼ੀਲਾ ਪਦਾਰਥ ਜ਼ਬਤ ਕੀਤਾ ਗਿਆ ਹੈ। ਨਿਊਜ਼ ਰਿਲੀਜ਼ ਮੁਤਾਬਿਕ ਬਾਰਡਰ ਸਰਵਿਸ ਅਫਸਰਜ਼ ਉੱਤਰ ਵਾਲੇ ਪਾਸੇ ਨੂੰ ਜਾਣ ਵਾਲੇ ਵਾਹਨ ਦੀ ਮੁਢਲੀ ਜਾਂਚ ਕਰ ਰਹੇ ਸਨ ਤਾਂ ਟਰੈਵਲਰ ਤੇਜ਼ ਰਫ਼ਤਾਰ ਨਾਲ ਪੋਰਟ ਆਫ ਐਂਟਰੀ ਤੋਂ ਭੱਜ ਗਿਆ। ਆਰਸੀਐਮਪੀ ਨੂੰ ਚੌਕਸ ਕੀਤਾ ਗਿਆ ਤੇ ਟਰੈਵਲਰ ਜਿਹੜਾ ਮੋਟਰ ਗੱਡੀ ਵਿਚ ਇਕੱਲਾ ਸੀ ਨੂੰ ਰੋਕ ਕੇ ਪੋਰਟ ਲਿਆਂਦਾ ਗਿਆ ਜਿਥੇ ਉਸ ਦੀ ਮੋਟਰ ਗੱਡੀ ਦੀ ਹੋਰ ਜਾਂਚ ਕੀਤੀ ਗਈ। ਅਧਿਕਾਰੀਆਂ ਨੂੰ ਟਰੰਕ ਵਿਚ ਚਿੱਟੇ ਕ੍ਰਿਸਟਲਾਈਨ ਪਦਾਰਥ ਵਾਲੇ ਵਪਾਰਕ ਤੌਰ 'ਤੇ ਸੀਲਬੰਦ ਵੱਡੇ ਬੈਗ ਮਿਲੇ। ਸੀਬੀਐਸਏ ਦੇ ਖੋਜੀ ਕੁੱਤਿਆਂ ਨੇ ਸੰਕੇਤ ਦਿੱਤਾ ਕਿ ਲੱਭੀ ਗਈ ਸਮੱਗਰੀ ਨਸ਼ੀਲਾ ਪਦਾਰਥ ਹੈ ਅਤੇ ਟਰੈਵਲਰ ਨੂੰ ਭੱਜਣ ਤੇ ਸਮੱਗਲਿੰਗ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ।






# ਓਨਟਾਰੀਓ ਵਿਚ ਸਕੂਲਾਂ ਦੀ ਪੜ੍ਹਾਈ ਆਨਲਾਈਨ ਕੀਤੀ- ਇਨਡੋਰ ਖਾਣਾ ਤੇ ਜਿਮ ਬੰਦ

ਟੋਰਾਂਟੋ-ਓਨਟਾਰੀਓ ਕੋਵਿਡ-19 ਦੇ ਗੰਭੀਰ ਮਰੀਜ਼ਾਂ ਦੇ ਪੂਰਵ ਅਨੁਮਾਨ ਦਾ ਸਾਹਮਣਾ ਕਰ ਰਿਹਾ ਹੈ ਜਿਨ੍ਹਾਂ ਨੂੰ ਇਸ ਮਹੀਨੇ ਹਸਪਤਾਲ ਵਿਚ ਦਾਖਲ ਕਰਕੇ ਦੇਖਭਾਲ ਕਰਨ ਦੀ ਲੋੜ ਪਵੇਗੀ ਜਿਸ ਕਾਰਨ ਸੂਬੇ ਨੇ ਵਿਦਿਆਰਥੀਆਂ ਨੂੰ ਸਕੂਲ ਆਉਣ ਤੋਂ ਦੋ ਹਫ਼ਤਿਆਂ ਲਈ ਰੋਕ ਦਿੱਤਾ ਹੈ, ਅਗਲੇ ਤਿੰਨ ਹਫਤਿਆਂ ਲਈ ਗੰਭੀਰ ਆਪਰੇਸ਼ਨਾਂ ਨੂੰ ਛੱਡ ਕੇ ਸਾਰੇ ਆਪਰੇਸ਼ਨ ਅਤੇ ਦੂਸਰੇ ਮੈਡੀਕਲ ਪ੍ਰਕਿਰਿਆਵਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਇਨਡੋਰ ਖਾਣਾ ਖਾਣ ਵਰਗੀਆਂ ਸਰਗਰਮੀਆਂ 'ਤੇ ਮੁੜ ਪਾਬੰਦੀਆਂ ਲਾਗੂ ਕੀਤੀਆਂ ਹਨ। ਨਿਊਫਾਊਂਡਲੈਂਡ ਤੇ ਲੈਬਰਾਡੋਰ ਵਿਚ ਸੂਬਾ ਸਰਕਾਰ ਨੇ ਜਿੰਮਾਂ ਤੇ ਰੈਸਟੋਰੈਂਟਸ ਵਰਗੇ ਕਾਰੋਬਾਰਾਂ 'ਤੇ ਸਮਰਥਾ ਪਾਬੰਦੀਆਂ ਲਾਗੂ ਕੀਤੀਆਂ ਹਨ ਜਦਕਿ ਘਰਾਂ ਦੇ ਅੰਦਰ ਇਕੱਠਾਂ ਨੂੰ 10 ਵਿਅਕਤੀਆਂ ਤਕ ਸੀਮਤ ਕੀਤਾ ਗਿਆ ਹੈ। ਇਸੇ ਦੌਰਾਨ ਰੱਖਿਆ ਵਿਭਾਗ ਨੇ ਕਿਹਾ ਕਿ ਉਹ ਕਿਊਬਕ ਵਿਚ ਸੂਬੇ ਦੀ ਟੀਕਾਕਰਣ ਮੁਹਿੰਮ ਵਿਚ ਮਦਦ ਲਈ 200 ਵਿਅਕਤੀਆਂ ਨੂੰ ਭੇਜਣ ਦੀ ਤਿਆਰੀ ਕਰ ਰਿਹਾ ਹੈ ਕਿਉਂਕਿ ਉਥੇ ਅਧਿਕਾਰੀ ਵਾਇਰਸ ਦੇ ਬਹੁਤ ਹੀ ਛੂਤਕਾਰੀ ਓਮੀਕਰੋਨ ਵੈਰੀਐਂਟ ਨੂੰ ਫੈਲਣ ਤੋਂ ਹੌਲੀ ਕਰਨ ਦੀ ਦੌੜ ਵਿਚ ਲੱਗੇ ਹੋਏ ਹਨ।

# ਪ੍ਰਧਾਨ ਮੰਤਰੀ ਮੋਦੀ ਦੀ ਫਿਰੋਜ਼ਪੁਰ ਰੈਲੀ ਰੱਦ ਹੋਣ 'ਤੇ ਵੱਡਾ ਬਵਾਲ

ਸਫ਼ਾ 1 ਦੀ ਬਾਕੀ

ਨੇ ਕਿਹਾ ਕਿ ਪ੍ਰਧਾਨ ਮੰਤਰੀ ਹੁਣ ਸੁਰੱਖਿਆ ਪ੍ਰਬੰਧਾਂ ਲਈ ਪੰਜਾਬ ਨੂੰ ਜ਼ਿੰਮੇਵਾਰ ਠਹਿਰਾ ਰਹਿ ਰਹੇ ਹਨ ਜਦਕਿ 5 ਦਿਨ ਪਹਿਲਾਂ ਹੀ ਉਨ੍ਹਾਂ ਦੇ ਸੁਰੱਖਿਆ ਕਰਮਚਾਰੀਆਂ ਨੇ ਸਾਰੇ ਪ੍ਰਬੰਧ ਆਪਣੀ ਨਿਗਰਾਨੀ ਹੇਠ ਲੈ ਲਏ ਸਨ ਅਤੇ ਕਿਸੇ ਰੂਟ 'ਤੇ ਪ੍ਰਧਾਨ ਮੰਤਰੀ ਨੇ ਆਉਣਾ-ਜਾਣਾ ਹੈ, ਉਹ ਵੀ ਤੈਅ ਕਰ ਲਿਆ ਸੀ। ਹੁਣ ਫਲਾਪ ਰੈਲੀ ਦਾ ਭਾਂਡਾ ਭੰਨਣ ਲਈ ਉਹ ਪੰਜਾਬ ਦੇ ਲੋਕਾਂ ਨੂੰ ਬਦਨਾਮ ਕਰ ਸੌੜੀ ਰਾਜਨੀਤੀ ਕਰ ਰਹੇ ਹਨ।

### ਜਾਂਚ ਕਮੇਟੀ ਦਾ ਗਠਨ

ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫ਼ਿਰੋਜ਼ਪੁਰ ਫੇਰੀ ਦੌਰਾਨ 'ਸੁਰੱਖਿਆ ਖਾਮੀਆਂ' ਦੇ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਕਮੇਟੀ ਵਿਚ ਜਸਟਿਸ (ਸੇਵਾ-ਮੁਕਤ) ਮਹਿਤਾਬ ਸਿੰਘ ਗਿੱਲ ਅਤੇ ਪ੍ਰਮੁੱਖ ਸਕੱਤਰ (ਗ੍ਰਹਿ ਮਾਮਲੇ ਅਤੇ ਨਿਆਂ) ਅਨੁਰਾਗ ਵਰਮਾ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਤਿੰਨ ਦਿਨਾਂ ਵਿੱਚ ਆਪਣੀ ਰਿਪੋਰਟ ਦੇਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਕੱਲ੍ਹ ਹੀ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕਰ ਲਈ ਸੀ ਅਤੇ ਵੀਰਵਾਰ ਸ਼ਾਮ ਤੱਕ ਰਿਪੋਰਟ ਭੇਜਣ ਲਈ ਕਿਹਾ ਸੀ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਉੱਚ ਪੱਧਰੀ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਹੀ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਗਠਿਤ ਉੱਚ ਪੱਧਰੀ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਰੱਖਿਆ ਪ੍ਰਬੰਧਾਂ ਦੀ ਦੇਖ-ਰੇਖ 'ਚ ਸ਼ਾਮਲ ਸੂਬੇ ਦੇ ਡੀਜੀਪੀ ਸਮੇਤ ਕੁਝ ਹੋਰਨਾਂ ਪੁਲੀਸ ਅਧਿਕਾਰੀਆਂ ਨੂੰ ਕੁਝ ਸਵਾਲਾਂ ਦੀ ਸੂਚੀ ਭੇਜੀ ਹੈ, ਜਿਨ੍ਹਾਂ ਦੇ ਜਵਾਬ ਫੌਰੀ ਭੇਜਣ ਦੀ ਹਦਾਇਤ ਕੀਤੀ ਗਈ ਹੈ। ਉੱਚ ਪੱਧਰੀ ਕਮੇਟੀ ਦੀ ਸਮਝ ਹੈ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਲੈ ਕੇ ਕਿਤੇ ਨਾ ਕਿਤੇ ਕੋਈ ਕਮੀ ਜ਼ਰੂਰ ਰਹੀ ਹੈ, ਜਿਸ ਦੀ ਘੋਖ ਕੀਤੀ ਜਾਵੇਗੀ। ਪਤਾ ਲੱਗਾ ਹੈ ਕਿ ਉੱਚ ਪੱਧਰੀ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਤੋਂ ਲੈ ਕੇ ਵਾਪਸੀ ਤੱਕ ਦੇ ਸੁਰੱਖਿਆ ਪ੍ਰਬੰਧਾਂ ਸਬੰਧੀ ਸਾਰਾ ਰਿਕਾਰਡ ਤਲਬ ਕਰ ਲਿਆ ਹੈ।

### ਸਖਤ ਕਾਰਵਾਈ ਹੋਵੇ-ਸੋਨੀਆ

ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਫ਼ੋਨ ਕਰਕੇ ਕਿਹਾ ਪ੍ਰਧਾਨ ਮੰਤਰੀ ਪੂਰੇ ਦੇਸ਼ ਦੇ ਹੁੰਦੇ ਹਨ ਜਿਨ੍ਹਾਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਸੀ। ਉਨ੍ਹਾ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ।

### ਪੁਲੀਸ ਅਧਿਕਾਰੀਆਂ ਨੂੰ ਦਿੱਲੀ ਕੀਤਾ ਜਾ ਸਕਦਾ ਹੈ ਤਲਬ !

ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਐੱਸਪੀਜੀ (ਵਿਸ਼ੇਸ਼ ਸੁਰੱਖਿਆ ਸਮੂਹ) ਐਕਟ ਦੀ ਵਰਤੋਂ ਕਰਦਿਆਂ (ਪ੍ਰਧਾਨ ਮੰਤਰੀ ਦੇ ਸੁਰੱਖਿਆ ਪ੍ਰਬੰਧਾਂ ਦੀ ਦੇਖ-ਰੇਖ ਕਰਨ ਵਾਲੇ) ਪੰਜਾਬ ਨਾਲ ਸਬੰਧਿਤ ਪੁਲੀਸ ਅਧਿਕਾਰੀਆਂ ਨੂੰ ਦਿੱਲੀ ਤਲਬ ਕਰ ਸਕਦੀ ਹੈ। ਐੱਸਪੀਜੀ ਐਕਟ ਦੀ ਧਾਰਾ 14 ਤਹਿਤ ਪ੍ਰਧਾਨ ਮੰਤਰੀ ਦੀ ਆਮਦੋ-ਰਫ਼ਤ ਮੌਕੇ ਸੂਬਾ ਸਰਕਾਰ ਐੱਸਪੀਜੀ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਪਾਬੰਦ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਦਸੰਬਰ 2020 ਵਿੱਚ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਵੱਲੋਂ ਭਾਜਪਾ ਪ੍ਰਧਾਨ ਜੇ.ਪੀ ਨੱਡਾ ਦੇ ਕਾਫਲੇ 'ਤੇ ਹੋਏ ਕਥਿਤ ਹਮਲੇ ਲਈ ਪੱਛਮੀ ਬੰਗਾਲ ਦੇ ਤਿੰਨ ਆਈਪੀਐੱਸ ਅਧਿਕਾਰੀਆਂ ਨੂੰ ਡੈਪੂਟੇਸ਼ਨ 'ਤੇ ਦਿੱਲੀ ਤਲਬ ਕੀਤਾ ਸੀ। ਹਾਲਾਂਕਿ ਮਮਤਾ ਬੈਨਰਜੀ ਸਰਕਾਰ ਨੇ ਤਿੰਨਾਂ ਅਧਿਕਾਰੀਆਂ ਨੂੰ ਰਿਲੀਵ ਕਰਨ ਤੋਂ ਨਾਂਹ ਕਰ ਦਿੱਤੀ ਸੀ। ਗ੍ਰਹਿ ਮੰਤਰਾਲੇ ਨੇ ਉਦੋਂ ਮੁੱਖ ਸਕੱਤਰ ਤੇ ਡੀਜੀਪੀ ਨੂੰ ਵੀ ਦਿੱਲੀ ਸੱਦਿਆ ਸੀ, ਪਰ ਇਹ ਦੋਵੇਂ ਗੈਰਹਾਜ਼ਰ ਰਹੇ।

### ਪੰਜਾਬ ਦੀ ਕਾਂਗਰਸ ਸਰਕਾਰ ਜ਼ਿੰਮੇਵਾਰ-ਰਾਜਨਾਥ ਸਿੰਘ

ਫਿਰੋਜ਼ਪੁਰ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ 'ਚ ਖਾਮੀ ਲਈ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਹਾ ਕਿ ਪਾਰਟੀ ਨੂੰ ਇਸ ਗੰਭੀਰ ਖਾਮੀ ਲਈ ਮੁਆਫ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇਸ਼ ਦੀ ਨੁਮਾਇੰਦਗੀ ਕਰਦੇ ਹਨ ਤੇ ਉਨ੍ਹਾਂ ਦਾ ਦਫ਼ਤਰ ਇੱਕ ਅਜਿਹੀ ਸੰਸਥਾ ਹੈ ਜਿਸ ਦਾ ਸਾਰਿਆਂ ਨੂੰ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਪੰਜਾਬ 'ਚ ਕਾਂਗਰਸ ਸੱਤਾ ਵਿੱਚ ਹੈ। ਕੀ ਅਸੀਂ ਅਜਿਹੀ ਸੁਰੱਖਿਆ ਖਾਮੀ ਦੀ ਕਲਪਨਾ ਕਰ ਸਕਦੇ ਸੀ ਜਿਵੇਂ ਦੀ ਕੱਲ ਪ੍ਰਧਾਨ ਮੰਤਰੀ ਦੇ ਕਾਫਲੇ ਨਾਲ ਹੋਈ?' ਉੱਤਰਕਾਸ਼ੀ 'ਚ ਭਾਜਪਾ ਦੀ ਸੰਕਲਪ ਯਾਤਰਾ ਦੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ, 'ਜੇਕਰ ਅਸੀਂ ਪ੍ਰਧਾਨ ਮੰਤਰੀ ਵਰਗੀਆਂ ਸੰਸਥਾਵਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕਦੇ ਤਾਂ ਦੀਆਂ ਜਮਹੂਰੀ ਸੰਸਥਾਵਾਂ ਨੂੰ ਬਚਾਉਣਾ ਮੁਸ਼ਕਲ ਹੋਵੇਗਾ।' ਉਨ੍ਹਾਂ ਕਿਹਾ ਕਿ ਮੈਂ ਵੀ ਮੁੱਖ ਮੰਤਰੀ ਰਹਿ ਚੁੱਕਾ ਹਾਂ ਅਸੀਂ ਇਸ ਤਰ੍ਹਾਂ ਦੀ ਘਟੀਆ ਰਾਜਨੀਤੀ ਕਦੀ ਸਵੀਕਾਰ ਨਹੀਂ ਕੀਤੀ।

# ਕੈਬਨਿਟ ਮੰਤਰੀ ਹੈਰੀ ਬੈਂਸ ਵੱਲੋਂ ਮੇਅਰ ਲਈ ਚੋਣ ਮੈਦਾਨ 'ਚ ਆਉਣ ਦੀਆਂ ਤਿਆਰੀਆਂ

ਸਫ਼ਾ 1 ਦੀ ਬਾਕੀ

ਸੂਬੇ ਬਾਰੇ ਹੈ। ਇਹ ਉਹ ਥਾਂ ਹੈ ਜਿਸ ਬਾਰੇ ਉਸ ਅੰਦਰ ਜਾਨੂੰਨ ਹੈ। ਹੈਲਥ ਕੇਅਰ, ਸਿੱਖਿਆ, ਫੇਅਰ ਲੇਬਰ ਲਾਅ, ਸਰਕਾਰੀ ਟਰਾਂਸਪੋਰਟੇਸਨ, ਬਾਲ ਦੇਖਭਾਲ ਸਮੇਤ ਸਾਰੇ ਮੁੱਦੇ ਸੂਬੇ ਦੇ ਤਹਿਤ ਆਉਂਦੇ ਹਨ ਅਤੇ ਉਹ ਉਨ੍ਹਾਂ ਵਿਚ ਡੂੰਘਾਈ ਨਾਲ ਸ਼ਾਮਿਲ ਹੈ। ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਬੈਂਸ ਨੇ ਕਿਹਾ ਕਿ ਉਸ ਦਾ ਸਰੀ ਨਾਲ ਪਿਆਰ ਕਿਉਂਕਿ ਉਹ ਆਪਣੀ ਜਿੰਦਗੀ ਦਾ ਬਹੁਤਾ ਸਮਾਂ ਇਥੇ ਰਿਹਾ ਹੈ, ਇਸ ਕਾਰਨ ਉਹ ਇਸ ਬਾਰੇ ਸੋਚੇਗਾ ਅਤੇ ਮੇਅਰ ਦੀ ਚੋਣ ਲੜਨ ਬਾਰੇ ਵਿਚਕਾਰ ਦਾ ਸਤਿਕਾਰ ਕਰਦਾ ਹੈ। ਬੈਂਸ 2005 ਤੋਂ ਨਿਊਟਨ ਤੋਂ ਐਮਐਲਏ ਚਲੇ ਆ ਰਹੇ ਹਨ।

# ਕੋਵਿਡ ਮਹਾਂਮਾਰੀ ਦੇ ਮੁੜ ਦਬਾਅ ਕਾਰਣ ਕੈਨੇਡਾ ਦੀ ਸਪਲਾਈ ਚੇਨ ਵਿਚ ਰੁਕਾਵਟ

ਸਫ਼ਾ 1 ਦੀ ਬਾਕੀ

ਅਧਿਕਾਰੀਆਂ ਨੇ ਕੰਪਨੀਆਂ, ਸਕੂਲਾਂ ਤੇ ਹੈਲਥ ਕੇਅਰ ਸਾਈਟਾਂ ਨੂੰ ਸਲਾਹ ਦਿੱਤੀ ਕਿ ਉਹ ਨਿਯਮਾਂ ਦੀ ਪਾਲਣਾ ਕਰਨ ਅਤੇ ਚਿਤਾਵਨੀ ਦਿੱਤੀ ਕਿ ਮਹਾਂਮਾਰੀ ਦੀ ਇਸ ਲਹਿਰ ਦਰਮਿਆਨ ਇਕ ਤਿਹਾਈ ਸਟਾਫ ਬਿਮਾਰ ਹੋ ਸਕਦਾ ਹੈ। ਵਾਇਰਸ ਨਾਲ ਸਬੰਧਤ ਸਟਾਫ ਦੀ ਘਾਟ ਉਸ ਸਮੇਂ ਆਈ ਜਦੋਂ ਕੈਨੇਡੀਅਨ ਆਰਥਿਕਤਾ ਦੇ ਬਹੁਤ ਸਾਰੇ ਸੈਕਟਰ ਪਹਿਲਾਂ ਨੌਕਰੀਆਂ ਭਰਨ ਲਈ ਸੰਘਰਸ਼ ਕਰ ਰਹੇ ਹਨ। ਅਰਥ ਸ਼ਾਸਤਰੀ ਟਰੇਵਿਨ ਸਟਰੈਟਨ ਨੇ ਸੀਟੀਵੀ ਨੈਸ਼ਨਲ ਨਿਊਜ਼ ਨੂੰ ਦੱਸਿਆ ਕਿ ਤਾਜ਼ਾ ਵੈਰੀਐਂਟ ਤੋਂ ਪਹਿਲਾਂ ਵੀ ਦੇਸ਼ ਭਰ ਵਿਚ ਤੀਜੀ ਤਿਮਾਹੀ ਵਿਚ 10 ਲੱਖ ਅਸਾਮੀਆਂ ਖਾਲੀ ਸਨ ਜਿਹੜੀਆਂ ਹੁਣ ਤਕ ਸਭ ਤੋਂ ਵੱਧ ਹਨ। ਇਸ ਤੋਂ ਇਲਾਵਾ ਹੁਣ ਸਟਾਫ ਦੀ ਘਾਟ ਨੇ ਸਪਲਾਈ ਚੇਨਸ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ।

# ਕਾਰੋਬਾਰੀ ਮਾਲਕਾਂ ਨੂੰ ਵੱਡੇ ਪੱਧਰ 'ਤੇ ਕੋਵਿਡ ਦਾ ਸਾਹਮਣਾ ਕਰਨ ਦੀ ਤਿਆਰੀ ਲਈ ਚਿਤਾਵਨੀ

ਸਫ਼ਾ 1 ਦੀ ਬਾਕੀ

ਹੁਕਮ ਨਹੀਂ ਬਣਾਇਆ ਜਾਵੇਗਾ। ਹੈਨਰੀ ਨੇ ਕਿਹਾ ਕਿ ਇਸ ਦੇ ਫੈਲਣ ਦੀ ਦਰ ਅਤੇ ਵੱਡੀ ਗਿਣਤੀ ਵਿਚ ਥੋੜੇ ਸਮੇਂ ਵਿਚ ਬਿਮਾਰ ਹੋਣ ਦੀ ਗੱਲ ਨੂੰ ਦੇਖਦੇ ਹੋਏ ਸਾਨੂੰ ਸਾਰੇ ਕਾਰੋਬਾਰਾਂ ਨੂੰ ਸਟਾਫ ਬਿਮਾਰ ਹੋਣ ਦੀ ਸੂਰਤ ਵਿਚ ਕਾਰੋਬਾਰਾਂ ਨੂੰ ਚਲਦਾ ਰੱਖਣ ਲਈ ਹੰਗਾਮੀ ਯੋਜਨਾਵਾਂ ਲਾਗੂ ਕਰਨ ਦੀ ਲੋੜ ਹੋਵੇਗੀ। ਉਨ੍ਹਾਂ 2542 ਨਵੇਂ ਮਾਮਲੇ ਸਾਹਮਣੇ ਆਉਣ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਬੀਸੀ ਵਿਚ ਹੁਣ ਕੁਲ ਮਾਮਲਿਆਂ ਵਿਚੋਂ 80 ਫ਼ੀਸਦੀ ਓਮੀਕ੍ਰੋਨ ਨਾਲ ਸਬੰਧਤ ਹਨ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL
604-716-2135
MORTGAGES 1st, 2nd or Private
BHAJAN ATWAL
604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੰਜਾਬ ਸਮੇਤ 5 ਰਾਜਾਂ ਦੀਆਂ ਚੋਣਾਂ ਦਾ ਐਲਾਨ ਕਿਸੇ ਵੇਲੇ ਵੀ ਸੰਭਵ

ਨਵੀਂ ਦਿੱਲੀ-ਚੋਣ ਕਮਿਸ਼ਨ ਵੱਲੋਂ ਅਗਲੇ ਕੁਝ ਦਿਨਾਂ ਵਿੱਚ ਪੰਜ ਰਾਜਾਂ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਅਤੇ ਮਨੀਪੁਰ ਵਿੱਚ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਦੀ ਸੰਭਾਵਨਾ ਹੈ। ਇਸ ਲਈ ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਅੱਜ ਚੋਣ ਕਮਿਸ਼ਨ ਨੂੰ ਇਨ੍ਹਾਂ ਪੰਜ ਰਾਜਾਂ ਵਿੱਚ ਕੋਵਿਡ-19 ਦੀ ਤਾਜ਼ਾ ਸਥਿਤੀ ਬਾਰੇ ਜਾਣੂ ਕਰਵਾਇਆ। ਇਹ ਦੂਜੀ ਵਾਰ ਹੈ, ਜਦੋਂ ਭੂਸ਼ਣ ਦੇਸ਼ ਅਤੇ ਖਾਸ ਤੌਰ @ਤੇ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਅਤੇ ਮਨੀਪੁਰ ਵਿੱਚ ਕੋਵਿਡ-19 ਦੀ ਸਥਿਤੀ ਬਾਰੇ ਚੋਣ ਕਮਿਸ਼ਨ ਦੇ ਉਚ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਕੇਂਦਰੀ ਸਿਹਤ ਸਕੱਤਰ ਨੇ 27 ਦਸੰਬਰ ਨੂੰ ਚੋਣ ਕਮਿਸ਼ਨ ਨੂੰ ਸੂਚਿਤ ਕੀਤਾ ਸੀ। ਚਰਚਾ ਦੌਰਾਨ ਚੋਣ ਕਮਿਸ਼ਨ ਨੇ ਸਰਕਾਰ ਨੂੰ ਚੋਣਾਂ ਵਾਲੇ ਰਾਜਾਂ ਵਿੱਚ ਟੀਕਾਕਰਨ ਪ੍ਰੋਗਰਾਮ ਨੂੰ ਤੇਜ਼ ਕਰਨ ਲਈ ਕਿਹਾ ਸੀ। ਮੀਟਿੰਗ ਵਿੱਚ ਕੇਂਦਰੀ ਸਿਹਤ ਸਕੱਤਰ ਅਤੇ ਸਿਹਤ ਮਾਹਿਰ ਹਾਜ਼ਰ ਸਨ। ਦੂਜੇ ਪਾਸੇ ਚੋਣ ਪੈਨਲ ਨੇ ਕੇਂਦਰੀ ਗ੍ਰਹਿ ਸਕੱਤਰ ਅਜੈ ਕੁਮਾਰ ਭੱਲਾ ਨਾਲ ਪੰਜ ਰਾਜਾਂ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਅਤੇ ਮਨੀਪੁਰ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਾਰੇ ਵੱਖਰੀ ਮੀਟਿੰਗ ਕੀਤੀ।


# ਪ੍ਰਧਾਨ ਮੰਤਰੀ ਦੀ ਫੇਰੀ ਮੌਕੇ ਸੁਰੱਖਿਆ ਤਰੁੱਟੀਆਂ ਲਈ ਚੰਨੀ ਸਰਕਾਰ ਜ਼ਿੰਮੇਵਾਰ-ਬਾਦਲ



ਲੰਬੀ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਰਾਹ ਵਿਚ ਪਈ ਰੁਕਾਵਟ ਨੂੰ ਬੇਹੱਦ ਮੰਦਭਾਗਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਚੰਨੀ ਸਰਕਾਰ ਨੂੰ ਇਸ ਲਈ ਜ਼ਿੰਮੇਵਾਰ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਆਮਦ ਮੌਕੇ ਸੁਰੱਖਿਆ ਅਤੇ ਹਰ ਤਰ੍ਹਾਂ ਦੇ ਪ੍ਰਬੰਧ ਸੂਬਾ ਸਰਕਾਰ ਦੇ ਫਰਜ਼ ਹੁੰਦੇ ਹਨ। ਇਥੋਂ ਤੱਕ ਕਿ ਸੂਬੇ ਦੇ ਮੁੱਖ ਮੰਤਰੀ ਨੂੰ ਵੀ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਪੁੱਜਣਾ ਪੈਂਦਾ ਹੈ। ਭਾਵੇਂ ਉਸ ਸੂਬੇ ਵਿੱਚ ਕਿਸੇ ਪਾਰਟੀ ਦੀ ਸਰਕਾਰ ਹੋਵੇ, ਇਹ ਰਵਾਇਤੀ ਸਿਆਸੀ ਨਿਯਮ-ਕਾਇਦੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਦੂਸਰੀ ਗੱਲ ਹੈ ਕਿ ਭਾਜਪਾ ਦੀ ਰੱਦ ਕੀਤੀ ਫਿਰੋਜ਼ਪੁਰ ਰੈਲੀ ਵਿੱਚ ਤਾਂ ਇਕੱਠ ਹੀ ਨਹੀਂ ਸੀ, ਲੋਕ ਉਥੇ ਗਏ ਹੀ ਨਹੀਂ। ਇਸ ਨਾਲ ਸਪਸ਼ੱਟ ਹੋ ਗਿਆ ਕਿ ਭਾਜਪਾ ਨੂੰ ਪੰਜਾਬ ਦੇ ਲੋਕ ਨਹੀਂ ਚਾਹੁੰਦੇ। ਇਨ੍ਹਾਂ ਨੇ ਕਿਸਾਨੀ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਲੋਕ ਇਸ ਗੱਲ ਤੋਂ ਦੁਖੀ ਹਨ ਅਤੇ ਦੁਖੀ ਬੰਦਾ ਕੁਝ ਵੀ ਕਰ ਸਕਦਾ ਹੈ। ਸਾਬਕਾ ਮੁੱਖ ਮੰਤਰੀ ਬੀਤੇ ਕਈ ਦਿਨਾਂ ਤੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਲੰਬੀ ਹਲਕੇ ਵਿੱਚ ਪਿੰਡਾਂ ਦਾ ਦੌਰਾ ਕਰ ਰਹੇ ਹਨ। ਇਸ ਮੌਕੇ ਮੀਡੀਆ ਨਾਲ ਗੱਲਬਾਤ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਲੀਡਰ ਤਾਂ ਆਪਸ ਵਿਚ ਸਾਨ੍ਹਾਂ ਵਾਂਗ ਲੜ ਰਹੇ ਹਨ। ਇਹ ਇੱਕ ਟੀਮ ਵਾਂਗ ਨਹੀਂ ਬਲਕਿ ਟੀਮ ਵਿਚ ਰਹਿ ਕੇ ਇੱਕ ਦੂਸਰੇ ਖਿਲਾਫ ਮੋਰਚਾ ਖੋਲ੍ਹੀ ਬੈਠੇ ਹਨ। ਇਸ ਮੌਕੇ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ ਅਤੇ ਹੋਰ ਆਗੂ ਮੌਜੂਦ ਸਨ।

# ਭਾਜਪਾ ਆਗੂਆਂ ਨੇ ਰਾਜਪਾਲ ਨਾਲ ਮੁਲਾਕਾਤ ਕਰਕੇ ਮੁੱਖ ਮੰਤਰੀ ਚੰਨੀ ਗ੍ਰਹਿ ਮੰਤਰੀ ਰੰਧਾਵਾ ਤੇ ਪੁਲਿਸ ਮੁਖੀ ਖਿਲਾਫ ਕਾਰਵਾਈ ਦੀ ਮੰਗ ਕੀਤੀ

ਚੰਡੀਗੜ੍ਹ-ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਡੀਜੀਪੀ ਸਿਧਾਰਥ ਚਟੋਪਾਧਿਆਏ ਖ਼ਿਲਾਫ਼ ਸੁਰੱਖਿਆ ਖਾਮੀਆਂ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਾਨ ਦਾਅ 'ਤੇ ਲਾਉਣ ਦੇ ਦੋਸ਼ ਲਾਏ ਹਨ। ਪਾਰਟੀ ਦੇ ਵਫ਼ਦ ਨੇ ਇੱਥੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਨਾਲ ਮੁਲਾਕਾਤ ਕਰਕੇ ਸੂਬੇ ਦੇ ਪੁਲੀਸ ਮੁਖੀ, ਗ੍ਰਹਿ ਸਕੱਤਰ ਤੇ ਹੋਰਨਾਂ ਜ਼ਿੰਮੇਵਾਰ ਅਧਿਕਾਰੀਆਂ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਭਾਜਪਾ ਆਗੂ ਅਸ਼ਵਨੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੋਸ਼ ਲਾਇਆ ਕਿ ਇਹ ਸਭ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਹੋਇਆ ਹੈ। ਭਾਜਪਾ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਡੀਜੀਪੀ ਪੰਜਾਬ ਦੀ ਹਰੀ ਝੰਡੀ ਮਗਰੋਂ ਪ੍ਰਧਾਨ ਮੰਤਰੀ ਸੜਕ ਰਾਹੀਂ ਰਵਾਨਾ ਹੋਏ ਸਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਾਂਗਰਸ ਦੇ ਬੁਲਾਰਿਆਂ ਦੇ ਬਿਆਨ ਆ ਰਹੇ ਹਨ ਤੇ ਉਨ੍ਹਾਂ ਦੇ ਪ੍ਰਧਾਨ ਚੁੱਪ ਧਾਰੀ ਬੈਠੇ ਹਨ। ਜਿੱਥੇ ਰਾਹੁਲ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਨੂੰ ਕਾਂਗਰਸ ਸਰਕਾਰ ਦੀ ਨਾਕਾਮੀ 'ਤੇ ਸ਼ਰਮ ਮਹਿਸੂਸ ਕਰਨੀ ਚਾਹੀਦੀ ਸੀ, ਉਥੇ ਉਹ ਉਲਟੇ-ਸਿੱਧੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸੜਕ ਰਾਹੀਂ ਆ ਰਹੇ ਸਨ ਤਾਂ ਉਹ ਰਸਤਾ ਪਹਿਲਾਂ ਹੀ ਬੰਦ ਸੀ। ਲੋਕਾਂ ਨੂੰ




ਕਾਲੇ ਰੰਗ ਦੀ ਕਾਰ ਵਿੱਚ ਲਿਆ ਕੇ ਉਥੇ ਬਿਠਾ ਦਿੱਤਾ ਗਿਆ ਅਤੇ ਰੈਲੀ ਵਿੱਚ ਜਾਣ ਵਾਲੀਆਂ ਬੱਸਾਂ ਨੂੰ ਜਬਰਦਸਤੀ ਰੋਕ ਕੇ ਸੰਘਰਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਉਥੇ ਲਿਆਉਣਾ ਇੱਕ ਡੂੰਘੀ ਸਾਜਿਸ਼ ਤਹਿਤ ਕੀਤਾ ਗਿਆ। ਫਲਾਈਓਵਰ 'ਤੇ ਕਾਫ਼ਲੇ ਨੂੰ ਰੋਕਣਾ ਸੁਰੱਖਿਆ ਦੇ ਨਜ਼ਰੀਏ ਤੋਂ ਪੂਰੀ ਤਰ੍ਹਾਂ ਗ਼ਲਤ ਹੈ। ਭਾਜਪਾ ਆਗੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਸੁਰੱਖਿਆ ਕਾਫ਼ਲੇ ਵਿੱਚ ਡੀਜੀਪੀ ਪੰਜਾਬ ਤੇ ਮੁੱਖ ਸਕੱਤਰ ਜਾਂ ਸਰਕਾਰ ਦੇ ਕਿਸੇ ਨੁਮਾਇੰਦੇ ਦੀ ਗੈਰਹਾਜ਼ਰੀ, ਇਹ ਸਭ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਦੇ ਬਾਵਜੂਦ ਰੈਲੀ ਵਿੱਚ ਪਹੁੰਚੇ ਲੋਕਾਂ ਅਤੇ ਵਰਕਰਾਂ ਦੀ ਆਮਦ ਨੂੰ ਦੇਖ ਕੇ ਕਾਂਗਰਸ ਡਰ ਗਈ ਸੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਮੋਦੀ ਦਾ ਦੌਰਾ ਪਹਿਲਾਂ ਤੋਂ ਯੋਜਨਾਬੱਧ ਸੀ ਤਾਂ ਸੁਰੱਖਿਆ ਵਿੱਚ ਕਮੀ ਕਿਵੇਂ ਹੋਈ, ਇਨ੍ਹਾਂ ਸਵਾਲਾਂ ਦੇ ਜਵਾਬ ਕਾਂਗਰਸ ਤੇ ਚਰਨਜੀਤ ਸਿੰਘ ਚੰਨੀ ਨੂੰ ਦੇਣੇ ਪੈਣਗੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਾਂਗਰਸ ਨੇ ਅੱਜ ਪੰਜਾਬ ਦਾ ਮਾਹੌਲ ਅਤਿਵਾਦ ਤੋਂ ਵੀ ਖਰਾਬ ਕਰ ਦਿੱਤਾ ਹੈ। ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ, ਰਾਜੇਸ਼ ਬਾਗਾ, ਹਰਜੀਤ ਗਰੇਵਾਲ ਅਤੇ ਰਾਣਾ ਗੁਰਮੀਤ ਸਿੰਘ ਸੋਢੀ ਹਾਜ਼ਰ ਸਨ।

# ਪ੍ਰਧਾਨ ਮੰਤਰੀ ਦਾ ਕਾਫਲਾ ਜਾਣ ਬੁੱਝਕੇ ਨਹੀ ਰੋਕਿਆ-ਕਿਸਾਨ ਆਗੂ ਫੂਲ

ਫ਼ਿਰੋਜ਼ਪੁਰ-ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਪ੍ਰਧਾਨ ਸਤਨਾਮ ਸਿੰਘ ਫੂਲ ਸਾਥੀਆਂ ਸਮੇਤ ਪਿੰਡ ਪਿਆਰੇਆਣਾ ਨੇੜੇ ਫਲਾਈਓਵਰ 'ਤੇ ਪੁੱਜੇ, ਜਿੱਥੇ ਪ੍ਰਧਾਨ ਮੰਤਰੀ ਦਾ ਕਾਫ਼ਲਾ ਰੋਕਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦਾ ਪ੍ਰਧਾਨ ਮੰਤਰੀ ਦਾ ਕਾਫ਼ਲਾ ਰੋਕਣ ਦਾ ਕੋਈ ਇਰਾਦਾ ਨਹੀਂ ਸੀ। ਡੀਸੀ ਦਫ਼ਤਰ ਅੱਗੇ ਪ੍ਰਦਰਸ਼ਨ ਕਰਨ ਲਈ ਫ਼ਿਰੋਜ਼ਸ਼ਾਹ ਦੀ ਦਾਣਾ ਮੰਡੀ ਤੋਂ ਤੁਰੇ ਕਿਸਾਨਾਂ ਨੂੰ ਪੁਲੀਸ ਨੇ ਰਾਹ ਵਿੱਚ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਾਫ਼ਲਾ ਨਾਕਾ ਤੋੜ ਕੇ ਅੱਗੇ ਵਧ ਗਿਆ। ਪਿੰਡ ਪਿਆਰੇਆਣਾ ਦੇ ਸੇਮ ਨਾਲੇ 'ਤੇ ਪੁਲੀਸ ਅਧਿਕਾਰੀਆਂ ਨੇ ਮੁੜ ਕਾਫ਼ਲੇ ਨੂੰ ਰੋਕਿਆ, ਜਿੱਥੇ ਫ਼ਿਰੋਜ਼ਪੁਰ ਦੇ ਐੱਸਐੱਸਪੀ ਨੇ ਦੱਸਿਆ ਕਿ ਇੱਥੋਂ ਪ੍ਰਧਾਨ ਮੰਤਰੀ ਦਾ ਕਾਫ਼ਲਾ ਲੰਘਣ ਵਾਲਾ ਹੈ, ਜਿਸ 'ਤੇ ਕਿਸੇ ਨੂੰ ਯਕੀਨ ਹੀ ਨਹੀਂ ਹੋਇਆ। ਕਿਸਾਨ ਇਹ ਸਮਝਦੇ ਰਹੇ ਕਿ ਪੁਲੀਸ ਵਾਲੇ ਭਾਜਪਾ ਵਰਕਰਾਂ ਦੀਆਂ ਗੱਡੀਆਂ ਨੂੰ ਲੰਘਾਉਣ ਲਈ ਝੂਠ ਬੋਲ ਰਹੇ ਹਨ। ਕਿਸਾਨ ਅਜੇ ਪੁਲ 'ਤੇ ਹੀ ਖੜ੍ਹੇ ਸੀ ਕਿ ਪ੍ਰਧਾਨ ਮੰਤਰੀ ਦਾ ਕਾਫ਼ਲਾ ਉਥੇ ਪਹੁੰਚ ਗਿਆ ਤੇ ਕੁਝ ਚਿਰ ਉਡੀਕਣ ਮਗਰੋਂ ਵਾਪਸ ਚਲਾ ਗਿਆ।ਹਾਲਾਂਕਿ ਸਤਨਾਮ ਸਿੰਘ ਫੂਲ ਨੇ ਪ੍ਰਧਾਨ ਮੰਤਰੀ ਦਾ ਕਾਫ਼ਲਾ ਰੋਕਣ 'ਤੇ ਕੋਈ ਖੇਦ ਨਹੀਂ ਜਤਾਇਆ। ਦੱਸ ਦਈਏ ਕਿ ਬੀਤੇ ਦਿਨ ਬੀਕੇਯੂ (ਕ੍ਰਾਂਤੀਕਾਰੀ) ਦੇ ਸੂਬਾ ਜਨਰਲ ਸਕੱਤਰ ਬਲਦੇਵ ਸਿੰਘ ਜ਼ੀਰਾ ਨੇ ਪ੍ਰਧਾਨ ਮੰਤਰੀ ਦਾ ਕਾਫ਼ਲਾ ਰੋਕੇ ਜਾਣ ਦੀ ਜ਼ਿੰਮੇਵਾਰੀ ਚੁੱਕੀ ਸੀ। ਇਸੇ ਦੌਰਾਨ ਪ੍ਰਧਾਨ ਮੰਤਰੀ ਦਾ ਕਾਫ਼ਲਾ ਰੋਕੇ ਜਾਣ ਦੇ ਰੋਸ ਵਜੋਂ ਭਾਜਪਾ ਯੁਵਾ ਮੋਰਚਾ ਨੇ ਅੱਜ ਸ਼ਹਿਰ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਮਸ਼ਾਲ ਮਾਰਚ ਕੱਢਿਆ। ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪ੍ਰਧਾਨ ਮੰਤਰੀ ਨਾਲ ਬਦਸਲੂਕੀ ਕੀਤੀ ਗਈ ਹੈ।

# ਮੋਦੀ ਦੀ ਫਿਰੋਜਪੁਰ ਰੈਲੀ ਦੇ ਰੱਦ ਹੋਣ ਬਾਰੇ ਜਾਂਚ ਹੋਵੇ-ਟਿਕੈਤ

ਨੋਇਡਾ-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਅੱਜ ਕਿਹਾ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਰੈਲੀ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਗਈ ਜਾਂ ਕਿਸਾਨਾਂ ਦੇ ਗੁੱਸੇ ਨੂੰ ਦੇਖ ਕੇ ਰੱਦ ਕੀਤੀ ਗਈ। ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ, 'ਇੱਕ ਪਾਸੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਇਹ ਰੈਲੀ ਪ੍ਰਧਾਨ ਮੰਤਰੀ ਦੇ ਸੁਰੱਖਿਆ ਦੇ ਕਾਰਨਾਂ ਕਰਕੇ ਰੱਦ ਕੀਤੀ ਗਈ ਹੈ ਜਦਕਿ ਪੰਜਾਬ ਦੇ ਮੁੱਖ ਮੰਤਰੀ ਦਾਅਵਾ ਕਰ ਰਹੇ ਹਨ ਕਿ ਪ੍ਰਧਾਨ ਮੰਤਰੀ ਇਸ ਲਈ ਵਾਪਸ ਚਲੇ ਗਏ ਕਿਉਂਕਿ ਰੈਲੀ ਦੌਰਾਨ ਸਾਰੀਆਂ ਕੁਰਸੀਆਂ ਖਾਲੀ ਸਨ।' ਉਨ੍ਹਾਂ ਹਿੰਦੀ 'ਚ ਟਵੀਟ ਕੀਤਾ, 'ਹੁਣ ਇਸ ਦੀ ਜਾਂਚ ਹੋਣੀ ਜ਼ਰੂਰੀ ਹੈ ਕਿ ਇਹ ਰੈਲੀ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਗਈ ਜਾਂ ਕਿਸਾਨਾਂ ਦੇ ਗੁੱਸੇ ਕਾਰਨ।' ਦਿੱਲੀ ਦੀਆਂ ਹੱਦਾਂ 'ਤੇ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਰਾਕੇਸ਼ ਟਿਕੈਤ ਇਸ ਸਮੇਂ ਆਪਣੇ ਘਰੇਲੂ ਸ਼ਹਿਰ ਪੱਛਮੀ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ 'ਚ ਹਨ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸੰਯੁਕਤ ਕਿਸਾਨ ਮੋਰਚੇ ਤੋਂ ਸੰਯੁਕਤ ਸਮਾਜ ਮੋਰਚਾ ਤੱਕ ਦਾ ਸਫ਼ਰ ਕਿੱਧਰ ਨੂੰ ਜਾਵੇਗਾ ?



ਬਲਵਿੰਦਰ ਸਿੰਘ ਚਾਹਲ
44-74910-73808




ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਲ ਤੋਂ ਵੱਧ ਸਮੇਂ ਤੱਕ ਚਲਾਏ ਗਏ ਅੰਦੋਲਨ ਅੱਗੇ ਝੁਕਦੇ ਹੋਏ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਤਿੰਨੋ ਖੇਤੀ ਕਾਨੂੰਨ ਵਾਪਸ ਲੈ ਲੈਣ ਤੋਂ ਬਾਅਦ ਅੰਦੋਲਨ ਸਮਾਪਤ ਹੋਇਆ ਹੈ। ਬੜੀ ਸ਼ਾਨੋ ਸ਼ੌਕਤ ਨਾਲ ਕਿਸਾਨ ਜਥੇਬੰਦੀਆਂ ਨੇ ਘਰ ਵਾਪਸੀ ਕੀਤੀ ਹੈ। ਲੋਕਾਂ ਨੇ ਕਿਸਾਨ ਜਥੇਬੰਦੀਆਂ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ। ਹਰ ਸ਼ਹਿਰ ਕਸਬੇ ਪਿੰਡ ਗਲੀ ਮੁਹੱਲੇ ਸਭ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਜੇਕਰ ਥੋੜਾ ਜਿਹਾ ਪਿੱਛੇ ਝਾਤ ਮਾਰਦੇ ਹਾਂ ਤਾਂ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਦਾ ਵਿਰੋਧ ਸਭ ਤੋਂ ਪਹਿਲਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸ਼ੁਰੂ ਕੀਤਾ। ਜਿਸਨੂੰ ਪੰਜਾਬ ਦੇ ਲੋਕਾਂ ਨੇ ਹੁੰਗਾਰਾ ਦਿੱਤਾ ਤਾਂ ਇਹ ਜਥੇਬੰਦੀਆਂ ਨੇ ਪੰਜਾਬ ਹਰਿਆਣਾ ਸਰਹੱਦ 'ਤੇ ਜਾ ਧਰਨਾ ਲਾਇਆ। ਜਿੱਥੋਂ ਕੁਝ ਦਿਨਾਂ ਬਾਅਦ ਇਹਨਾਂ ਦਾ ਰੁਖ ਭਾਰਤ ਦੀ ਰਾਜਧਾਨੀ ਦਿੱਲੀ ਵੱਲ ਹੋਇਆ ਤਾਂ ਹਰਿਆਣਾ ਦੀ ਖੱਟਰ ਸਰਕਾਰ ਨੇ ਜਬਰਦਸਤ ਪਾਬੰਦੀਆਂ ਦਾ ਇੰਤਜ਼ਾਮ ਕੀਤਾ। ਪਰ ਲੋਕਾਂ ਦੇ ਸੈਲਾਬ ਅੱਗੇ ਸਰਕਾਰ ਦੀਆਂ ਸਭ ਰੋਕਾਂ ਬਿਫਲ ਰਹੀਆਂ ਅਤੇ ਕਿਸਾਨ ਜਥੇਬੰਦੀਆਂ ਦਿੱਲੀ ਦੇ ਵੱਖ ਵੱਖ ਬਾਰਡਰਾਂ 'ਤੇ ਜਾ ਕੇ ਡੱਟ ਗਈਆਂ।

ਕਿਸਾਨ ਅੰਦੋਲਨ ਦੀ ਇਹ ਪ੍ਰਾਪਤੀ ਸੀ ਕਿ ਇਸਨੂੰ ਹਰ ਵਰਗ ਨੇ ਬੜਾ ਵੱਡਾ ਹੁੰਗਾਰਾ ਦਿੱਤਾ। ਕਿਸਾਨ ਤੋਂ ਬਾਅਦ ਮਜਦੂਰ ਫਿਰ ਆਮ ਲੋਕਾਂ ਤੋਂ ਲੈ ਕੇ ਵਕੀਲ, ਅਧਿਆਪਕ, ਬੈਂਕ ਕਰਮਚਾਰੀ, ਡਰਾਈਵਰ, ਟਰਾਂਸਪੋਰਟਰ, ਆਈ ਏ ਐਸ, ਆਈ ਪੀ ਐਸ ਅਧਿਕਾਰੀ, ਪੁਲਿਸ ਕਰਮੀ, ਲੇਖਕ, ਬੁੱਧੀਜੀਵੀ ਵਰਗ, ਗਾਇਕ, ਅਦਾਕਾਰ, ਧਾਰਮਿਕ ਤੇ ਗੈਰਧਾਰਮਿਕ ਸੰਸਥਾਵਾਂ, ਸੰਪਰਦਾਵਾਂ ਗੱਲ ਕੀ ਹਰ ਵਰਗ ਨੇ ਕਿਸਾਨ ਅੰਦੋਲਨ ਵਿੱਚ ਸ਼ਮੂਲੀਅਤ ਕੀਤੀ। ਲੋਕ ਅੰਦੋਲਨ ਵਿੱਚ ਇਸ ਤਰ੍ਹਾਂ ਜਾਂਦੇ ਸਨ ਜਿਵੇਂ ਕਿਸੇ ਧਾਰਮਿਕ ਸਥਾਨ ਉੱਪਰ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕਰਨ ਜਾਂਦੇ ਹੋਣ। ਦੁਨੀਆ ਭਰ ਵਿੱਚ ਇਸ ਕਿਸਾਨ ਅੰਦੋਲਨ ਦੀ ਗੂੰਜ ਪਈ ਅਤੇ ਅਖੀਰ ਭਾਰਤ ਸਰਕਾਰ ਨੂੰ ਆਪਣਾ ਕਦਮ ਪਿੱਛੇ ਹਟਾਉਣਾ ਪਿਆ। ਜਿਸਦੇ ਫਲਸਰੂਪ ਖੇਤੀ ਕਾਨੂੰਨਾਂ ਦੀ ਵਾਪਸੀ ਹੋਈ।

ਇਸ ਕਿਸਾਨ ਅੰਦੋਲਨ ਨੇ ਕਈ ਨਵੇਂ ਕੀਰਤੀਮਾਨ ਪੈਦਾ ਕੀਤੇ। ਲੋਕਾਂ ਵਿੱਚ ਭਾਈਚਾਰਕ ਸਾਂਝ ਪੈਦਾ ਕੀਤੀ। ਜਿੱਥੇ ਰਾਜਸੀ ਤੇ ਫਿਰਕੂ ਤਾਕਤਾਂ ਨੀਂਵੇਂ ਪੱਧਰ ਦੀ ਸਿਆਸਤ ਕਰਕੇ ਲੋਕਾਂ ਨੂੰ ਜਾਤ, ਧਰਮ ਅਤੇ ਫਿਰਕੇ ਦੇ ਆਧਾਰ ਤੇ ਵੰਡਣ ਲਈ ਕੋਝੀਆਂ ਚਾਲਾਂ ਚੱਲ ਰਹੇ ਸਨ। ਉੱਥੇ ਇਸ ਅੰਦੋਲਨ ਨੇ ਇੱਕ ਨਵੀਂ ਲਹਿਰ ਨੂੰ ਜਨਮ ਦਿੱਤਾ। ਸਭ ਧਰਮਾਂ ਦੇ ਲੋਕ ਇੱਕੋ ਮੰਚ ਉੱਪਰ ਇੱਕੋ ਪੰਡਾਲ ਵਿੱਚ ਸਰਕਾਰ ਦੀ ਦਮਨਮਈ ਨੀਤੀ ਵਿਰੁੱਧ ਲੜਦੇ ਦੇਖੇ ਗਏ। ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਕਦਰਾਂ ਕੀਮਤਾਂ ਨੇ ਇੱਕ ਵਾਰ ਫਿਰ ਅੰਗੜਾਈ ਲਈ। ਲੋਕਾਂ ਨੂੰ ਸਾਹਿਤ ਪੜਦੇ, ਵੰਡਦੇ ਤੇ ਸਾਹਿਤਕ ਵਿਚਾਰਾਂ ਲਈ ਜੁੜਦੇ ਦੇਖਿਆ ਗਿਆ। ਲੋਕ ਕਿਤਾਬਾਂ ਦੇ ਲੰਗਰ ਲਾਉਂਦੇ ਦੇਖੇ ਗਏ। ਬੱਚਾ ਬੁੱਢਾ, ਜਵਾਨ, ਮਾਈਆਂ, ਭੈਣਾਂ ਸਭ ਨੇ ਸਾਂਝਾਂ ਪਾਈਆਂ। ਪੰਜਾਬ ਹਰਿਆਣਾ ਦੇ ਲੋਕ ਸਕੇ ਭਰਾਵਾਂ ਵਾਂਗ ਜੱਫੀਆਂ ਪਾਉਂਦੇ ਦੇਖੇ ਗਏ।

ਦੇਸ਼ ਭਰ ਦੇ ਲੋਕਾਂ ਨੇ ਪੰਜਾਬ ਦੇ ਕਿਸਾਨ ਆਗੂਆਂ ਦੇ ਹੌਸਲੇ ਦੀ ਦਾਦ ਦਿੱਤੀ। ਜਿਸ ਤਰ੍ਹਾਂ ਕਿਸਾਨ ਆਗੂਆਂ ਨੇ ਮੋਰਚੇ ਦੀ ਅਗਵਾਈ ਕੀਤੀ। ਉਸ ਨਾਲ ਭਾਰਤ ਦੀ ਸੰਸਕ੍ਰਿਤੀ ਦੇ ਡਿੱਗ ਰਹੇ ਮਿਆਰ ਨੂੰ ਇੱਕ ਨਵਾਂ ਹੌਸਲਾ ਮਿਲਿਆ, ਨਵੀਂ ਊਰਜਾ ਮਿਲੀ। ਇੱਕ ਵਾਰ ਫਿਰ ਦਸਤਾਰ ਉੱਭਰ ਕੇ ਸਾਹਮਣੇ ਆਈ। ਸਿੱਖ ਚਿਹਰਾ ਸਭ ਦੇ ਦਿਲੋ ਦਿਮਾਗ 'ਤੇ ਛਾ ਗਿਆ। ਮੋਰਚੇ ਵਿੱਚ ਚੱਲਦੇ ਲੰਗਰਾਂ, ਲੋਕਾਂ ਦੇ ਉਤਸ਼ਾਹ, ਜਲੌਅ ਅਤੇ ਚੜਦੀ ਕਲਾ ਦੇ ਨਜ਼ਾਰਿਆਂ ਦੀਆਂ ਗੱਲਾਂ ਦੁਨੀਆਂ ਭਰ ਵਿੱਚ ਹੋਣ ਲੱਗੀਆਂ। ਕਿਸਾਨ ਜਥੇਬੰਦੀਆਂ ਦਾ ਏਕੀਕਰਨ ਪੰਜਾਬ ਤੋਂ ਤੁਰ ਕੇ ਹਰਿਆਣਾ, ਯੂਪੀ, ਰਾਜਸਥਾਨ, ਮਹਾਂਰਾਸ਼ਟਰ, ਪੱਛਮੀ ਬੰਗਾਲ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਅਤੇ ਦੇਸ਼ ਦੇ ਹੋਰ ਵੀ ਕਈ ਹਿੱਸਿਆਂ ਦੇ ਕਿਸਾਨਾਂ ਤੋਂ ਇਲਾਵਾ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਤੋਰਨ ਵਿੱਚ ਕਾਮਯਾਬ ਰਿਹਾ। ਇਸ ਅੰਦੋਲਨ ਦਾ ਇੱਕ ਹੋਰ ਵਿਲੱਖਣ ਪੱਖ ਦੇਖਣ ਨੂੰ ਮਿਲਿਆ ਉਹ ਇਹ ਕਿ ਇਸ ਵਿੱਚ ਕਿਸੇ ਵੀ ਰਾਜਨੀਤਕ ਦਲ ਨੂੰ ਇਸ ਦੇ ਮੰਚ ਨੇੜੇ ਵੀ ਫਟਕਣ ਨਾ ਦਿੱਤਾ ਗਿਆ। ਜਿਸ ਕਰਕੇ ਲੋਕਾਂ ਦਾ ਭਰੋਸਾ ਹੋਰ ਵੀ ਗੂੜ੍ਹਾ ਹੋਇਆ। ਬਹੁਤ ਸਾਰੀਆਂ ਰਾਜਨੀਤਕ ਹਸਤੀਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਅੰਦੋਲਨ ਵਿੱਚ ਸ਼ਾਮਿਲ ਹੋ ਕੇ ਵਾਹ ਵਾਹ ਲੈਣ ਦੀ ਕੋਸਿਲ਼ਸ਼ ਕੀਤੀ, ਪਰ ਸਭ ਨੂੰ ਖਾਲੀ ਹੱਥ ਪਰਤਣਾ ਪਿਆ।

ਹੋਰ ਕਈ ਪੱਖਾਂ ਨੂੰ ਛੱਡ ਕੇ ਰਾਜਨੀਤਕ ਲੋਕਾਂ ਕੋਲੋਂ ਬਣਾਈ ਦੂਰੀ ਨੇ ਕਿਸਾਨ ਆਗੂਆਂ ਨੂੰ ਲੋਕਾਂ ਦੇ ਹੋਰ ਨੇੜੇ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ। ਕਿਉਂਕਿ ਰਾਜਨੀਤਕ ਲੋਕਾਂ ਦੇ ਦਿਲ ਲੁਭਾਊ ਭਾਸ਼ਣਾਂ ਤੋਂ ਲੋਕ ਅੱਕ ਚੁੱਕੇ ਹੋਣ ਕਰਕੇ ਇੱਕ ਨਵੀਂ ਆਸ ਦੀ ਕਿਰਨ ਦੇਖਣ ਲੱਗੇ। ਬਹੁਗਿਣਤੀ ਲੋਕਾਂ ਨੇ ਸੋਚਿਆ ਕਿ ਇਹ ਕਿਸਾਨ ਆਗੂ ਕਿਸੇ ਨਵੀਂ ਲਹਿਰ ਨੂੰ ਜਨਮ ਦੇ ਸਕਦੇ ਹਨ। ਸਰਕਾਰ ਦੀਆਂ ਮਨਮਾਨੀਆਂ ਨੂੰ ਲੋਕਾਂ ਸਾਹਮਣੇ ਨਾ ਸਿਰਫ਼ ਲਿਆ ਸਕਦੇ ਹਨ ਸਗੋਂ ਸਰਕਾਰ ਨੂੰ ਚਣੌਤੀ ਵੀ ਦੇ ਸਕਦੇ ਹਨ। ਬਹੁਤ ਸਾਰੀਆਂ ਨਵੀਆਂ ਆਸਾਂ ਉਮੀਦਾਂ ਨੇ ਜਨਮ ਲਿਆ। ਕਈ ਤਰ੍ਹਾਂ ਦੇ ਟੁੱਟ ਚੁੱਕੇ ਭਰੋਸੇ ਦੁਬਾਰਾ ਬੱਝਣ ਲੱਗੇ।

ਪਰ ਹੁਣ ਜਦੋਂ ਪੰਜਾਬ ਦੀਆਂ ਕੁਝ ਕਿਸਾਨ ਜਥੇਬੰਦੀਆਂ ਨੇ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਗ ਲੈਣ ਬਾਰੇ ਫੈਸਲਾ ਲਿਆ ਹੈ ਤਾਂ ਕੁਝ ਨੇ ਚੋਣਾਂ ਵਿੱਚ ਹਿੱਸਾ ਨਾ ਲੈਣ ਦਾ ਇਰਾਦਾ ਜ਼ਾਹਿਰ ਕੀਤਾ ਹੈ। ਇਸ ਗੱਲ ਨਾਲ ਕਿਸਾਨ ਜਥੇਬੰਦੀਆਂ ਵਿਚਲੇ ਮੱਤਭੇਦ ਸਾਹਮਣੇ ਆਉਣ ਲੱਗੇ ਹਨ। ਬੇਸ਼ੱਕ ਕਿਸਾਨ ਅੰਦੋਲਨ ਸਮੇਂ ਇਹਨਾਂ ਜਥੇਬੰਦੀਆਂ ਨੇ ਏਕਤਾ ਦਾ ਸਬੂਤ ਦਿੱਤਾ। ਪਰ ਹੁਣ ਇਹਨਾਂ ਵੱਲੋਂ ਚੋਣਾਂ ਦੇ ਨਾਂ ਤੇ ਜੋ ਬਿਆਨਬਾਜ਼ੀ ਦੇਖਣ ਨੂੰ ਮਿਲ ਰਹੀ ਹੈ। ਉਸਨੇ ਕਈ ਤਰ੍ਹਾਂ ਦੇ ਸਵਾਲ ਖੜੇ ਕਰ ਦਿੱਤੇ ਹਨ। ਲੋਕਾਂ ਵਿੱਚ ਵੀ ਇਸ ਗੱਲ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗੱਲਾਂ ਚੱਲ ਰਹੀਆਂ ਹਨ। ਜਿੱਥੇ ਕੁਝ ਲੋਕ ਸੰਯੁਕਤ ਸਮਾਜ ਮੋਰਚਾ ਦੇ ਗਠਨ ਨੂੰ ਲੈ ਕੇ ਨਵੇਂ ਬਦਲ ਦੇ ਸਾਹਮਣੇ ਆਉਣ ਕਰਕੇ ਆਸਵੰਦ ਹਨ। ਉੱਥੇ ਬਹੁਤ ਸਾਰੇ ਲੋਕ ਇਸ ਗਠਨ ਤੋਂ ਨਾਖੁਸ਼ ਹਨ। ਉੱਪਰ ਦੱਸੇ ਅਨੁਸਾਰ ਕੁਝ ਕਿਸਾਨ ਜਥੇਬੰਦੀਆਂ ਵੀ ਸੰਯੁਕਤ ਸਮਾਜ ਮੋਰਚਾ ਨਾਲ ਚੋਣਾਂ ਲੜਨ ਨੂੰ ਲੈ ਕੇ ਸਹਿਮਤ ਨਹੀਂ ਹਨ।

ਸੰਯੁਕਤ ਸਮਾਜ ਮੋਰਚਾ ਦਾ ਕਹਿਣਾ ਇਹ ਹੈ ਕਿ ਅਸੀਂ ਲੋਕ ਮਸਲਿਆਂ ਬਾਰੇ ਪੂਰੀ ਤਰ੍ਹਾਂ ਜਾਣਦੇ ਹਾਂ। ਜੇਕਰ ਅਸੀਂ ਸੱਤਾ ਵਿੱਚ ਆਉਂਦੇ ਹਾਂ ਤਾਂ ਸਭ ਮਾਮਲੇ ਸੁਲਝਾਉਣ ਵਿੱਚ ਪਹਿਲ ਕਰਾਂਗੇ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਰਾਜਨੀਤਕ ਦਲਾਂ ਨੂੰ ਕਈ ਸਾਲਾਂ ਤੋਂ ਦੇਖਦੇ ਆ ਰਹੇ ਹਾਂ, ਜਿਹਨਾਂ ਨੇ ਸਿਵਾਏ ਲੁੱਟ ਖਸੁੱਟ ਦੇ ਹੋਰ ਕੁਝ ਵੀ ਨਹੀਂ ਕੀਤਾ। ਪਰ ਕੀ ਸੰਯੁਕਤ ਸਮਾਜ ਮੋਰਚਾ ਲੋਕਾਂ ਦਾ ਪੂਰਾ ਸਮਰਥਨ ਪ੍ਰਾਪਤ ਕਰਦਾ ਹੈ ? ਜੇਕਰ ਕਰਦਾ ਹੈ ਤਾਂ ਕੀ ਪੰਜਾਬ ਦੀਆਂ 117 ਸੀਟਾਂ ਤੇ ਯੋਗ ਉਮੀਦਵਾਰ ਖੜੇ ਕਰਨ ਤੋਂ ਬਾਅਦ ਕਿੰਨੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰਦਾ ਹੈ। ਇਹ ਬਹੁਤ ਗੰਭੀਰ ਸਵਾਲ ਸੰਯੁਕਤ ਸਮਾਜ ਮੋਰਚਾ ਦੇ ਸਾਹਮਣੇ ਹੈ।

ਜੇਕਰ ਥੋੜੀ ਜਿਹੀ ਤੀਖਣ ਅੱਖ ਨਾਲ ਦੇਖੀਏ ਤਾਂ ਕਿਸਾਨ ਅੰਦੋਲਨ ਨੇ ਨਾ ਸਿਰਫ਼ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ ਸਗੋਂ ਸਮੁੱਚੇ ਭਾਰਤ ਦੇਸ਼ ਦੀ ਰਾਜਨੀਤੀ 'ਤੇ ਬੜਾ ਗੂੜਾ ਤੇ ਪ੍ਰਭਾਵਸ਼ਾਲੀ ਅਸਰ ਛੱਡਿਆ ਹੈ। ਹੁਣ ਜੇਕਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸੰਯੁਕਤ ਸਮਾਜ ਮੋਰਚਾ ਕੋਈ ਸਫ਼ਲਤਾ ਪ੍ਰਾਪਤ ਨਹੀਂ ਕਰਦਾ ਤਾਂ ਇਸ ਦਾ ਅਕਸ ਸਮੁੱਚੇ ਅੰਦੋਲਨ ਦੀ ਕਾਰਗੁਜ਼ਾਰੀ 'ਤੇ ਪੈਣਾ ਸੁਭਾਵਿਕ ਹੈ। ਜਿਹੜੇ ਲੋਕ ਇਸ ਅੰਦੋਲਨ ਤੋਂ ਬਹੁਤ ਸਾਰੀਆਂ ਆਸਾਂ ਲੈ ਕੇ ਘਰਾਂ ਨੂੰ ਪਰਤੇ ਹਨ। ਕਿਤੇ ਨਾ ਕਿਤੇ ਉਹ ਲੋਕ ਵੀ ਨਿਰਾਸ਼ ਹੋਣਗੇ। ਕਿਉਂਕਿ ਇਹ ਅੰਦੋਲਨ ਦੇਸ਼ ਵਿਆਪੀ ਹੋ ਕੇ ਖਤਮ ਹੋਇਆ ਹੈ, ਪਰ ਸ਼ੁਰੂ ਪੰਜਾਬ ਤੋਂ ਹੋਇਆ ਸੀ। ਇਸੇ ਕਰਕੇ ਇਸ ਅੰਦੋਲਨ ਵਿੱਚੋਂ ਦਸਤਾਰ, ਸਿੱਖ ਵਿਚਾਰਧਾਰਾ ਅਤੇ ਪੰਜਾਬੀਅਤ ਦਾ ਝਲਕਾਰਾ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਪ੍ਰਤੱਖ ਦਿਸਿਆ ਹੈ। ਇਹੀ ਗੱਲ ਵਿਚਾਰਨ ਵਾਲੀ ਹੈ ਕਿ ਜੇਕਰ ਪੰਜਾਬ ਵਿੱਚ ਹੀ ਸੰਯੁਕਤ ਸਮਾਜ ਮੋਰਚੇ ਦੀ ਹਾਰ ਹੁੰਦੀ ਹੈ ਤਾਂ ਬਾਕੀ ਦੇਸ਼ ਦੇ ਲੋਕਾਂ ਨੂੰ ਕੀ ਸੁਨੇਹਾ ਜਾਂਦਾ ਹੈ। ਦੇਸ਼ ਦੇ ਲੋਕ ਇਸ ਅੰਦੋਲਨ ਤੋਂ ਬਾਅਦ ਇੱਕ ਵੱਡੇ ਬਦਲਾਅ ਦੀ ਆਸ ਲਾਈ ਬੈਠੇ ਹਨ। ਇਹ ਸੱਚ ਵੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨ ਅੰਦੋਲਨ ਵਾਲੀਆਂ ਜਥੇਬੰਦੀਆਂ ਲੋਕਾਂ ਨੂੰ ਕਈ ਪ੍ਰਕਾਰ ਦੀ ਸੇਧ ਦੇਣ ਦੇ ਸਮਰੱਥ ਹਨ। ਪਰ ਜੇਕਰ ਉਹ ਖੁਦ ਹੀ ਰਾਜਨੀਤੀ ਵਿੱਚ ਚਲੇ ਗਈਆਂ ਤਾਂ ਕਿਤੇ ਤਾਕਤ ਦੇ ਨਸ਼ੇ ਵਿੱਚ ਚੂਰ ਹੋ ਕੇ ਨਾ ਰਹਿ ਜਾਣ ਅਤੇ ਆਪਣੇ ਅਸਲੀ ਮਕਸਦ ਤੋਂ ਖੁੰਝ ਜਾਣ। ਜੋ ਜਿਲ਼ੰਮੇਵਾਰੀ ਲੈ ਕੇ ਉਹਨਾਂ ਨੇ ਝੰਡਾ ਚੁੱਕਿਆ ਸੀ ਉਸਨੂੰ ਕਿਤੇ ਵਿਸਾਰ ਨਾ ਦੇਣ। ਕਿਉਂਕਿ ਇਹਨਾਂ ਜਥੇਬੰਦੀਆਂ ਨੇ ਅਜੇ ਹੋਰ ਬਹੁਤ ਸਾਰੇ ਕੰਮ ਕਰਨੇ ਹਨ। ਕਿਤੇ ਪੰਜਾਬ ਦੀ ਸਿਆਸਤ ਵਿੱਚ ਹੀ ਉਲਝ ਕੇ ਨਾ ਰਹਿ। ਇਹਨਾਂ ਨੂੰ ਸੋਚਣਾ ਪਵੇਗਾ ਕਿ ਇਹਨਾਂ ਨੇ 117 ਵਿਧਾਨ ਸਭਾ ਸੀਟਾਂ ਤੇ ਆਪਣਾ ਜ਼ੋਰ ਅਜ਼ਮਾਈ ਕਰਨਾ ਹੈ ਜਾਂ ਫਿਰ ਸਮੁੱਚੇ ਭਾਰਤ ਵਿੱਚ ਲੋਕ ਲਹਿਰ ਦੀ ਅਗਵਾਈ ਕਰਨੀ ਹੈ।






# ਭਾਜਪਾ ਸੁਰੱਖਿਆ ਦੇ ਨਾਮ ਤੇ ਹਲਕੀ ਸਿਆਸਤ ਨਾ ਕਰੇ-ਕਾਂਗਰਸ

ਨਵੀਂ ਦਿੱਲੀ-ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ 'ਸੁਰੱਖਿਆ 'ਚ ਖਾਮੀਆਂ' ਦੇ ਨਾਂ ਉੱਤੇ ਹਲਕੀ ਸਿਆਸਤ ਲਈ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰ ਰਹੇ ਹਨ। ਕਾਂਗਰਸ ਤਰਜਮਾਨ ਪਵਨ ਖੇੜਾ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਇਸ ਮੁੱਦੇ ਨੂੰ ਲੈ ਕੇ ਵਿਵਾਦ ਖੜ੍ਹਾ ਕਰ ਰਹੀ ਹੈ, ਜੋ ਜਮਹੂਰੀਅਤ ਲਈ ਖ਼ਤਰਨਾਕ ਹੈ। ਖੇੜਾ ਨੇ ਕਈ ਮਿਸਾਲਾਂ ਦੇ ਹਵਾਲੇ ਨਾਲ ਕਿਹਾ ਕਿ ਪ੍ਰਧਾਨ ਮੰਤਰੀ ਦੇ ਕਾਫ਼ਲੇ ਨੂੰ ਪਹਿਲਾਂ ਵੀ ਦਿੱਲੀ, ਨੌਇਡਾ ਤੇ ਲਖਨਊ ਵਿਚ ਰੋਕਿਆ ਗਿਆ ਹੈ, ਪਰ ਉਨ੍ਹਾਂ ਉਥੋਂ ਦੇ ਮੁੱਖ ਮੰਤਰੀਆਂ ਨੂੰ ਬਦਨਾਮ ਕਰਨ ਲਈ ਉਹ ਸ਼ਬਦਾਵਲੀ ਨਹੀਂ ਵਰਤੀ ਜੋ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ ਵਰਤੀ ਸੀ। ਖੇੜਾ ਨੇ ਕਿਹਾ, "ਤੁਸੀਂ ਪੂਰੇ ਪੰਜਾਬ, ਇਥੋਂ ਦੇ ਤਿੰਨ ਕਰੋੜ ਲੋਕਾਂ ਤੇ ਪੰਜਾਬ ਅਤੇ ਪੰਜਾਬੀਅਤ ਨੂੰ ਬਦਨਾਮ ਕਰਨਾ ਚਾਹੁੰਦੇ ਹੋ। ਪੰਜਾਬੀ ਸਭਿਆਚਾਰ ਤਾਂ ਅਜਿਹਾ ਹੈ, ਇਥੋਂ ਦੇ ਲੋਕ ਆਪਣੀ ਜਾਨ ਦੇ ਕੇ ਦੂਜੇ ਨੂੰ ਬਚਾਉਂਦੇ ਹਨ ਤੇ ਹਰ ਪੰਜਾਬੀ 'ਚ ਇਹ ਦਲੇਰੀ ਹੈ।" ਉਨ੍ਹਾਂ ਕਿਹਾ, 'ਸੌੜੀਆਂ ਸਿਆਸੀ ਜੰਗਾਂ ਜਿੱਤਣ ਲਈ ਤੁਸੀਂ ਦੇਸ਼, ਇਸ ਦੇ ਕਿਸੇ ਧਰਮ ਤੇ ਇਥੋਂ ਦੀ ਕਿਸੇ ਸੰਸਥਾ ਨੂੰ ਕਮਜ਼ੋਰ ਨਹੀਂ ਕਰ ਸਕਦੇ। ਪਰ ਬਦਕਿਸਮਤੀ ਨਾਲ ਪ੍ਰਧਾਨ ਮੰਤਰੀ ਨੇ ਹਮੇਸ਼ਾ ਇਹੀ ਰਾਹ ਚੁਣਿਆ ਹੈ, ਖਾਸ ਕਰਕੇ ਉਦੋਂ ਜਦੋਂ ਇਸ ਖਿੱਤੇ ਦਾ ਭਾਜਪਾ ਨਾਲ ਕੋਈ ਲੈਣ ਦੇਣ ਨਹੀਂ ਹੈ, ਖਿੱਤੇ ਦੇ ਲੋਕ ਭਾਜਪਾ ਨੂੰ ਮੂੰਹ ਨਹੀਂ ਲਾਉਂਦੇ।" ਕਾਂਗਰਸ ਆਗੂ ਨੇ ਦਾਅਵਾ ਕੀਤਾ ਕਿ ਵਿਸ਼ੇਸ਼ ਸੁਰੱਖਿਆ ਸਮੂਹ (ਐੱਸਪੀਜੀ) ਜਿਸ 'ਬਲੂ ਬੁੱਕ' ਨੂੰ ਫੋਲੋ ਕਰਦਾ ਹੈ, ਉਸ ਦੀ ਸ਼ੁਰੂਆਤ ਵਿੱਚ ਹੀ ਇਹ ਸਬਕ ਹੈ ਕਿ ਸਾਰੇ ਸੰਭਾਵੀ ਭਾਈਵਾਲ ਤੇ ਸੁਰੱਖਿਆ ਏਜੰਸੀਆਂ ਮਿਲ ਕੇ ਇਸ ਵਿਚਲੀਆਂ ਹਦਾਇਤਾਂ/ਸੇਧਾਂ ਦੇ 'ਅੱਖਰ ਅੱਖਰ' ਦਾ ਪਾਲਣ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਆਖਰੀ ਫੈਸਲਾ ਐੱਸਪੀਜੀ ਦਾ ਹੁੰਦਾ ਹੈ ਤੇ ਹੋਰ ਏਜੰਸੀਆਂ ਇਸ ਫੈਸਲੇ ਨੂੰ ਅਮਲੀ ਰੂਪ ਦੇਣ 'ਚ ਮਦਦ ਕਰਦੀਆਂ ਹਨ। ਖੇੜਾ ਨੇ ਕਿਹਾ ਕਿ ਜੋ ਕੁਝ ਹੋਇਆ ਉਹ ਚਾਣਚੱਕ ਮਿੱਥੀ ਯੋਜਨਾ ਬਦਲਣ ਤੇ ਨਿਰਧਾਰਿਤ ਬਦਲਵਾਂ ਰੂਟ ਨਾ ਲੈਣ ਕਰਕੇ ਵਾਪਰਿਆ।

# ਲਖੀਮਪੁਰ ਖੀਰੀ ਕੇਸ ਵਿਚ 12 ਕਿਸਾਨਾਂ ਨੂੰ ਸੰਮਨ ਜਾਰੀ

ਲਖੀਮਪੁਰ ਖੀਰੀ-ਲਖੀਮਪੁਰ ਖੀਰੀ ਹਿੰਸਾ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਤਿੰਨ ਭਾਜਪਾ ਵਰਕਰਾਂ ਨੂੰ ਕਥਿਤ ਕੁੱਟ-ਕੁੱਟ ਕੇ ਮਾਰਨ ਨਾਲ ਜੁੜੇ ਕੇਸ ਵਿੱਚ 12 ਕਿਸਾਨਾਂ ਨੂੰ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਵਿੱਚੋਂ ਬਹੁਤੇ ਕਿਸਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ 3 ਅਕਤੂਬਰ ਨੂੰ ਘਟਨਾ ਸਥਾਨ 'ਤੇ ਮੌਜੂਦ ਸਨ, ਪਰ ਉਨ੍ਹਾਂ ਦਾ ਇਸ ਹਮਲੇ ਨਾਲ ਕੋਈ ਲਾਗਾ ਦੇਗਾ ਨਹੀਂ ਸੀ। ਉਸ ਮੌਕੇ ਇਨ੍ਹਾਂ ਕਿਸਾਨਾਂ ਖਿਲਾਫ਼ 'ਹੁੱਲੜਬਾਜ਼ੀ' ਤੇ 'ਜਾਣਬੁੱਝ ਕੇ ਨੁਕਸਾਨ ਪਹੁੰਚਾਉਣ' ਜਿਹੀਆਂ ਜ਼ਮਾਨਤਯੋਗ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਸਨ ਤੇ 'ਸਿਟ' ਅਧਿਕਾਰੀਆਂ ਨੇ ਸੀਆਰਪੀਸੀ ਦੀ ਧਾਰਾ 41 ਤਹਿਤ ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਛੋਟ ਦਿੰਦਿਆਂ ਜਾਣ ਦਿੱਤਾ ਸੀ। ਹੁਣ ਤੱਕ ਇਸ ਕੇਸ ਵਿਚ ਸੱਤ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਤੇ 'ਸਿਟ' ਵੱਲੋਂ ਕੁਝ ਹੋਰਨਾਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਸਿਟ ਮੈਂਬਰ ਨੇ ਕਿਹਾ, "ਅਸੀਂ ਘਟਨਾ ਵਾਲੇ ਦਿਨ ਮੌਕੇ 'ਤੇ ਮੌਜੂਦ ਤੇ ਹਜੂਮ ਵਿੱਚ ਸ਼ਾਮਲ ਕੁਝ ਕਿਸਾਨਾਂ ਨੂੰ ਬਿਆਨ ਦਰਜ ਕਰਵਾਉਣ ਲਈ ਸੰਮਨ ਕੀਤਾ ਸੀ। ਇਨ੍ਹਾਂ ਵਿੱਚੋਂ ਕੁਝ ਤਾਂ ਪਹਿਲਾਂ ਹੀ ਪੇਸ਼ ਹੋ ਚੁੱਕੇ ਹਨ, ਪਰ ਕਿਸੇ ਨੂੰ ਵੀ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ।" ਉਧਰ ਕਿਸਾਨਾਂ ਦੀ ਪੈਰਵੀ ਕਰ ਰਹੇ ਵਕੀਲ ਹਰਜੀਤ ਸਿੰਘ ਨੇ ਕਿਹਾ, "ਇਸ ਤੋਂ ਪਹਿਲਾਂ ਕੁਝ ਕਿਸਾਨਾਂ, ਜੋ ਹਜੂਮ ਵਿੱਚ ਸ਼ਾਮਲ ਸਨ, ਨੂੰ ਨਰਮ ਧਾਰਾਵਾਂ ਤਹਿਤ ਸੰਮਨ ਕੀਤਾ ਗਿਆ ਸੀ, ਪਰ ਇਨ੍ਹਾਂ ਕਿਸਾਨ ਦੀ ਹਿੰਸਾ ਵਿੱਚ ਕੋਈ ਭੂਮਿਕਾ ਨਹੀਂ ਸੀ। ਜਿਨ੍ਹਾਂ ਕਿਸਾਨਾਂ ਨੂੰ ਹੁਣ ਸੰਮਨ ਮਿਲੇ ਹਨ, ਉਹ ਕਿਸਾਨਾਂ ਦੇ ਕਤਲਾਂ ਵਿੱਚ ਗਵਾਹ ਹਨ।

# ਈਸ਼ਵਰ ਸਿੰਘ ਪੰਜਾਬ ਵਿਜੀਲੈਂਸ ਬਿਓਰੋ ਦੇ ਮੁਖੀ ਨਿਯੁਕਤ

ਚੰਡੀਗੜ੍ਹ-ਪੰਜਾਬ ਸਰਕਾਰ ਨੇ 1993 ਬੈਚ ਦੇ ਪੁਲੀਸ ਅਧਿਕਾਰੀ ਈਸ਼ਵਰ ਸਿੰਘ ਨੂੰ ਪੰਜਾਬ ਵਿਜੀਲੈਂਸ ਬਿਓਰੋ ਦਾ ਪੱਕਾ ਮੁਖੀ ਨਿਯੁਕਤ ਕਰ ਦਿੱਤਾ ਹੈ। ਉਹ ਸਿਧਾਰਥ ਚਟੋਪਾਧਿਆਏ ਦੀ ਥਾਂ ਲੈਣਗੇ, ਜਿਨ੍ਹਾਂ ਕੋਲ ਇਸ ਮਹਿਕਮੇ ਦਾ ਵਧੀਕ ਚਾਰਜ ਸੀ। ਇੱਕ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਸੁਰੱਖਿਆ 'ਚ ਖਾਮੀਆਂ' ਨੂੰ ਲੈ ਕੇ ਪੰਜਾਬ ਪੁਲੀਸ ਦੇ ਸੁਰਖੀਆਂ 'ਚ ਆਉਣ ਮਗਰੋਂ ਸਰਕਾਰ ਨੇ ਸ੍ਰੀ ਚਟੋਪਾਧਿਆਏ ਤੋਂ ਵਿਜੀਲੈਂਸ ਦਾ ਚਾਰਜ ਵਾਪਸ ਲੈ ਕੇ ਵੱਡਾ ਝਟਕਾ ਦਿੱਤਾ ਹੈ। ਈਸ਼ਵਰ ਸਿੰਘ ਇਸ ਸਮੇਂ ਵਧੀਕ ਡੀਜੀਪੀ (ਪ੍ਰਸ਼ਾਸਨ) ਦੇ ਅਹੁਦੇ 'ਤੇ ਤਾਇਨਾਤ ਸਨ। ਉਹ ਲੁਧਿਆਣਾ ਤੇ ਜਲੰਧਰ ਸ਼ਹਿਰਾਂ ਦੇ ਪੁਲੀਸ ਕਮਿਸ਼ਨਰ ਦੇ ਅਹੁਦਿਆਂ ਸਮੇਤ ਕਈ ਜ਼ਿਲ੍ਹਿਆਂ ਦੇ ਐੱਸਐੱਸਪੀ, ਰੇਂਜ ਦੇ ਡੀਆਈਜੀ ਅਤੇ ਜ਼ੋਨ ਦੇ ਆਈਜੀ ਦੇ ਅਹੁਦਿਆਂ 'ਤੇ ਵੀ ਕੰਮ ਕਰ ਚੁੱਕੇ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਮਗਰੋਂ ਵਿਜੀਲੈਂਸ ਬਿਓਰੋ ਦੇ ਮੁਖੀ ਵਜੋਂ ਤਾਇਨਾਤੀ ਹਾਸਲ ਕਰਨ ਵਾਲੇ ਈਸ਼ਵਰ ਸਿੰਘ ਤੀਸਰੇ ਅਧਿਕਾਰੀ ਹਨ। ਇਸ ਤੋਂ ਪਹਿਲਾਂ ਬਰਜਿੰਦਰ ਕੁਮਾਰ ਉੱਪਲ ਨੂੰ ਹਟਾ ਕੇ ਐੱਲ.ਕੇ. ਯਾਦਵ ਨੂੰ ਵਿਜੀਲੈਂਸ ਮੁਖੀ ਦੇ ਅਹੁਦੇ ਦਾ ਚਾਰਜ ਦਿੱਤਾ ਗਿਆ ਸੀ। ਉਸ ਤੋਂ ਬਾਅਦ ਅਚਾਨਕ ਹੀ ਸਿਧਾਰਥ ਚਟੋਪਾਧਿਆਏ ਨੂੰ ਚਾਰਜ ਦੇ ਦਿੱਤਾ ਗਿਆ।

# ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਖਿਲਾਫ ਚਲਾਨ ਪੇਸ਼

ਮੁਹਾਲੀ-ਐਨਫ਼ੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬਹੁ-ਚਰਚਿਤ ਮਨੀ ਲਾਂਡਰਿੰਗ ਮਾਮਲੇ ਵਿੱਚ ਸੀਨੀਅਰ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਵਿਰੁੱਧ ਕਾਨੂੰਨੀ ਘੇਰਾ ਮਜ਼ਬੂਤ ਕਰਦਿਆਂ ਅੱਜ ਮੁਹਾਲੀ ਅਦਾਲਤ ਵਿੱਚ ਚਲਾਨ ਪੇਸ਼ ਕੀਤਾ। ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਵਿੱਚ ਪੇਸ਼ ਕੀਤੇ ਗਏ ਚਲਾਨ ਵਿੱਚ ਈਡੀ ਨੇ ਖਹਿਰਾ 'ਤੇ ਗੰਭੀਰ ਦੋਸ਼ ਲਗਾਏ ਹਨ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਲਈ 20 ਜਨਵਰੀ ਦਾ ਦਿਨ ਨਿਰਧਾਰਿਤ ਕੀਤਾ ਹੈ। ਇਸ ਦਿਨ ਸੁਖਪਾਲ ਖਹਿਰਾ ਵਿਰੁੱਧ ਦੋਸ਼ ਆਇਦ ਕਰਨ ਦੀ ਕਾਰਵਾਈ ਸ਼ੁਰੂ ਹੋਵੇਗੀ। ਅਦਾਲਤ ਨੇ ਸੁਣਵਾਈ ਮੌਕੇ ਖਹਿਰਾ ਨੂੰ ਪੇਸ਼ ਕਰਨ ਲਈ ਕਿਹਾ ਹੈ। ਮੁਹਾਲੀ ਅਦਾਲਤ ਪਹਿਲਾਂ ਹੀ ਕਾਂਗਰਸ ਆਗੂ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਚੁੱਕੀ ਹੈ। ਇਸ ਮੌਕੇ ਸੁਖਪਾਲ ਖਹਿਰਾ ਨਿਆਂਇਕ ਹਿਰਾਸਤ ਅਧੀਨ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹਨ। ਜ਼ਿਕਰਯੋਗ ਹੈ ਸੁਖਪਾਲ ਖਹਿਰਾ ਨੂੰ 11 ਨਵੰਬਰ 2021 ਨੂੰ ਇਸ ਮਾਮਲੇ ਵਿੱਚ ਪੁੱਛਗਿੱਛ ਲਈ ਈਡੀ ਦੇ ਸੈਕਟਰ-18 ਸਥਿਤ ਦਫ਼ਤਰ ਵਿੱਚ ਸੱਦਿਆ ਗਿਆ ਸੀ। ਜਿੱਥੇ ਮੁੱਢਲੀ ਪੁੱਛਗਿੱਛ ਦੌਰਾਨ ਉਸ ਦੀ



ਗ੍ਰਿਫ਼ਤਾਰੀ ਪਾ ਲਈ ਗਈ ਸੀ। ਈਡੀ ਵੱਲੋਂ ਸਾਲ 2015 ਵਿੱਚ ਫਾਜ਼ਿਲਕਾ ਵਿੱਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਗਿਆ ਸੀ। ਖਹਿਰਾ 'ਤੇ ਵਿਦੇਸ਼ਾਂ 'ਚੋਂ ਚੰਦੇ ਦੇ ਰੂਪ ਵਿੱਚ ਪੈਸਾ ਇਕੱਠਾ ਕਰਨ ਦਾ ਗੰਭੀਰ ਦੋਸ਼ ਹੈ। ਪਿੱਛੇ ਜਿਹੇ ਈਡੀ ਨੇ ਕਰੀਬ 6 ਸਾਲ ਬਾਅਦ ਵਿੱਚ ਇਸ ਮਾਮਲੇ ਵਿੱਚ ਸ੍ਰੀ ਖਹਿਰਾ ਨੂੰ ਵੀ ਨਾਮਜ਼ਦ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਪਿਛਲੇ ਕਰੀਬ ਦੋ ਮਹੀਨੇ ਤੋਂ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹਨ। ਹਾਲਾਂਕਿ ਖਹਿਰਾ ਨੇ ਜੇਲ੍ਹ 'ਚੋਂ ਬਾਹਰ ਆਉਣ ਲਈ ਖ਼ੁਦ ਨੂੰ ਬੇਕਸੂਰ ਦੱਸਦਿਆਂ ਅਦਾਲਤ ਵਿੱਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ। ਪੀੜਤ ਪਰਿਵਾਰ ਤੇ ਬਚਾਅ ਪੱਖ ਸ਼ੁਰੂ ਤੋਂ ਖਹਿਰਾ ਵਿਰੁੱਧ ਈਡੀ ਦੀ ਇਸ ਕਾਰਵਾਈ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦੇ ਆ ਰਹੇ ਹਨ ਪਰ ਈਡੀ ਕਾਂਗਰਸ ਆਗੂ ਦੇ ਜੇਲ੍ਹ 'ਚੋਂ ਬਾਹਰ ਆਉਣ ਦੇ ਸਾਰੇ ਰਸਤੇ ਬੰਦ ਕਰਨ ਦੇ ਰੌਂਅ ਵਿੱਚ ਹੈ। ਖਹਿਰਾ ਨੇ ਗ੍ਰਿਫ਼ਤਾਰੀ ਮਗਰੋਂ ਵਕੀਲਾਂ ਰਾਹੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਵੱਖਰੇ ਤੌਰ 'ਤੇ ਪਟੀਸ਼ਨ ਦਾਇਰ ਕਰਕੇ ਈਡੀ ਦੀ ਕਾਰਵਾਈ ਨੂੰ ਚੁਣੌਤੀ ਦਿੱਤੀ ਹੈ। ਇਹ ਕਾਰਵਾਈ ਉੱਚ ਅਦਾਲਤ ਵਿੱਚ ਵਿਚਾਰ ਅਧੀਨ ਹੈ। ਫਿਲਹਾਲ ਖਹਿਰਾ ਦੇ ਜੇਲ੍ਹ 'ਚੋਂ ਬਾਹਰ ਆਉਣ ਦਾ ਰਾਹ ਨਜ਼ਰ ਨਹੀਂ ਆ ਰਿਹਾ ਹੈ।


## Injured in an accident?

## ICBC claim?

## We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

### ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

**PERSONAL INJURY LAWYERS**

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 8 ਜਨਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

## ਮੈਟਰੋ ਵੈਨਕੂਵਰ 'ਚ ਘਰਾਂ ਦੀ ਵਿਕਰੀ ਨੇ ਮਾਤ ਪਾਏ ਸਾਰੇ ਰਿਕਾਰਡ




ਸਰੀ, (ਹਰਦਮ ਮਾਨ)-ਮੈਟਰੋ ਵੈਨਕੂਵਰ ਵਿਚ ਬੀਤੇ ਸਾਲ ਘਰਾਂ ਦੀ ਵਿਕਰੀ ਨੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਰੀਅਲ ਐਸਟੇਟ ਬੋਰਡ ਆਫ ਗ੍ਰੇਟਰ ਵੈਨਕੂਵਰ ਅਨੁਸਾਰ ਸਾਲ 2021 ਵਿਚ ਘਰਾਂ ਦੀ ਵਿਕਰੀ ਪਿਛਲੇ ਸਾਲ ਨਾਲੋਂ 42.2× ਵਧੀ ਹੈ। ਸਾਲ 2020 ਵਿਚ 30,944 ਘਰ ਵਿਕੇ ਸਨ ਜਦੋਂ ਕਿ ਸਾਲ 2021 ਵਿਚ ਇਹ ਅੰਕੜਾ 43,999 ਤੱਕ ਪਹੁੰਚ ਗਿਆ। ਇਸ ਤੋਂ ਪਹਿਲਾਂ ਸਾਲ 2015 ਵਿਚ 42,326 ਘਰਾਂ ਦੀ ਵਿਕਰੀ ਦਾ ਰਿਕਾਰਡ ਸੀ। ਘਰਾਂ ਦੀ ਵਿਕਰੀ ਵਿਚ ਹੋਏ ਵਾਧੇ ਦੇ ਨਾਲ ਨਾਲ ਸਾਲ 2020 ਦੇ ਮੁਕਾਬਲੇ ਘਰਾਂ ਦੀਆਂ ਕੀਮਤਾਂ ਵਿਚ ਵੀ 17.3× ਦਾ ਵਾਧਾ ਹੋਇਆ ਹੈ ਅਤੇ ਘਰਾਂ ਦੀ ਔਸਤਨ ਕੀਮਤ 1.23 ਮਿਲੀਅਨ ਡਾਲਰ ਤੱਕ ਪਹੁੰਚ ਗਈ ਹੈ।

# ਸਾਊਥ ਸਰੀ, ਵਾਈਟ ਰੌਕ ਦਾ ਬੀ.ਸੀ. ਦੇ ਮਹਿੰਗੇ ਘਰਾਂ 'ਚ ਸ਼ੁਮਾਰ

ਸਰੀ-ਵਾਈਟਰੌਕ ਵਿਚ ਮੁੱਠੀ ਭਰ ਘਰ ਇਕ ਵਾਰ ਫਿਰ ਸੂਬੇ ਦੇ ਉੱਚੀ ਕੀਮਤ ਵਾਲੇ ਰਿਹਾਇਸ਼ੀ ਮਕਾਨਾਂ ਵਿਚ ਸ਼ਾਮਿਲ ਹੋ ਗਏ ਹਨ। ਮੰਗਲਵਾਰ ਬੀਸੀ ਅਸੈਸਮੈਂਟ ਵਲੋਂ ਜਾਰੀ ਕੀਤੀ ਸੂਚੀ ਮੁਤਾਬਿਕ 500 ਥਾਵਾਂ ਦੀ ਸੂਚੀ ਵਿਚ ਸਭ ਤੋਂ ਹੇਠਲੇ ਰੈਂਕ ਦੀ ਚੌਥੀ ਰਿਹਾਇਸ਼ ਸਾਊਥ ਸਰੀ/ਵਾਈਟ ਰੌਕ ਹੈਸ਼ 498 'ਤੇ ਹਨ। 2063 ਇੰਡੀਅਨ ਫੋਰਟ ਡਰਾਈਵ ਵਿਖੇ ਸਥਿਤ ਘਰ ਦੀ 11,872,000 ਕੀਮਤ ਸਥਾਨਕ ਸਭ ਤੋਂ ਉੱਚੇ ਮੁੱਲ ਵਾਲੇ ਘਰ ਤੋਂ ਅੱਧੇ ਤੋਂ ਵੀ ਘੱਟ ਹੈ ਜਿਹੜੀ ਇਸ ਦੇ ਗੁਆਂਢ ਵਿਚ ਪੈਂਦੇ ਘਰਾਂ ਵਿਚੋਂ ਇਕ ਹੈ। ਇਕ ਜੁਲਾਈ 2021 ਨੂੰ 21,817,000 (ਪਿਛਲੇ ਸਾਲ 18, 016,000 ਤੋਂ ਵੱਧ) ਕੀਮਤ ਦਾ ਪੰਜ ਬੈੱਡਰੂਮ ਵਾਲਾ 2021 ਇੰਡੀਅਨ ਫੋਰਟ ਡਰਾਈਵ ਹੋਮ ਸੂਚੀ ਵਿਚ 61ਵੇਂ ਨੰਬਰ 'ਤੇ ਹੈ। ਅਗਲੀ ਸਭ ਤੋਂ ਜ਼ਿਆਦਾ ਕੀਮਤ ਇਕ ਹੋਰ ਓਸੀਅਨ ਪਾਰਕ ਏਰੀਆ ਘਰ ਨੂੰ ਦਿੱਤੀ ਗਈ ਹੈ। 1992 ਵਿਚ 2165123 ਸਟਰੀਟ 'ਤੇ ਬਣੇ ਚਾਰ ਬੈੱਡਰੂਮ, ਸੱਤ ਬਾਥਰੂਮ ਵਾਲਾ ਘਰ ਸੂਚੀ ਵਿਚ 164ਵੇਂ ਸਥਾਨ 'ਤੇ ਜਿਹੜਾ ਪਿਛਲੇ ਸਾਲ 228ਵੇਂ ਸਥਾਨ 'ਤੇ ਸੀ। ਚੋਟੀ ਦੇ 500 ਘਰਾਂ ਦੀ ਸੂਚੀ ਵਿਚ ਚੌਥਾ ਪ੍ਰਾਇਦੀਪ ਘਰ ਵਾਈਟ ਰੌਕ ਵਿਚ 13616 ਮੈਰੀਨ ਡਰਾਈਵ 'ਤੇ ਸਥਿਤ ਹੈ। ਚਾਰ ਬੈੱਡਰੂਮ, ਸੱਤ ਬਾਥਰੂਮ ਵਾਲੇ ਘਰ ਦੀ ਕੀਮਤ 12793,000 ਡਾਲਰ ਹੈ ਅਤੇ ਇਹ ਸੂਚੀ ਵਿਚ 392 ਸਥਾਨ 'ਤੇ ਹੈ। 3.17 ਏਕੜ ਵਿਚ ਬਣੇ ਇਸ ਘਰ ਦੀ ਕੀਮਤ ਪਿੱਛਲੇ ਸਾਲ ਦੇ ਮੁਲਾਂਕਣ ਨਾਲੋਂ 2.3 ਮਿਲੀਅਨ ਡਾਲਰ ਵਧੀ ਹੈ।



**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MEDALLION CLUB MEMBER
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY *(BY APPOINTMENT PLEASE)*
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਡੈਲਟਾ ਵਿਚ ਸਿੰਗਲ ਫੈਮਲੀ ਘਰ ਦੀ ਕੀਮਤ 33 ਫ਼ੀਸਦੀ ਵਧੀ

ਸਰੀ-ਬੀਸੀ ਅਸੈਸਮੈਂਟ ਵਲੋਂ ਜਾਰੀ ਅੰਕੜਿਆਂ ਮੁਤਾਬਿਕ 2022 ਲਈ ਡੈਲਟਾ ਵਿਚ ਸਿੰਗਲ ਫੈਮਲੀ ਵਾਲੇ ਘਰਾਂ ਦੀ ਕੀਮਤ 33 ਫ਼ੀਸਦੀ ਵਧ ਗਈ ਹੈ। ਅਗਲੇ ਕੁਝ ਦਿਨਾਂ ਵਿਚ 10 ਲੱਖ ਤੋਂ ਵੀ ਲੋਅਰ ਮੇਨਲੈਂਡ ਪ੍ਰਾਪਰਟੀ ਮਾਲਕਾਂ ਨੂੰ ਉਨ੍ਹਾਂ ਦੀ 2022 ਅਸੈਸਮੈਂਟ ਨੋਟਿਸ ਮਿਲਣਗੇ ਜਿਸ ਤੋਂ 1 ਜੁਲਾਈ 2021 ਤੱਕ ਬਾਜ਼ਾਰ ਮੁੱਲ ਦੀ ਝਲਕ ਮਿਲੇਗੀ। ਬੀਸੀ ਅਸੈਸਮੈਂਟ ਮੁਤਾਬਿਕ ਲੋਅਰ ਮੇਨਲੈਂਡ ਖੇਤਰ ਜਿਸ ਵਿਚ ਗਰੇਟਰ ਵੈਨਕੂਵਰ, ਦੀ ਫਰੇਜ਼ਰ ਵੈਲੀ, ਦੀ ਸੀਅ ਟੂ ਸਕਾਈ ਏਰੀਆ ਤੇ ਸਨਸ਼ਾਈਨ ਕੋਸਟ ਸ਼ਾਮਿਲ ਹੈ ਵਿਚ ਇਕੱਲੇ ਪਰਿਵਾਰ ਵਾਲੇ ਘਰਾਂ ਦੀ ਕੀਮਤ 11 ਅਤੇ 45 ਫ਼ੀਸਦੀ ਵਿਚਕਾਰ (ਕ੍ਰਮਵਾਰ ਯੂਬੀਸੀ ਇੰਡੋਮੈਂਟ ਲੈਂਡਸ ਐਂਡ ਹੋਪ) ਵਧੀ ਹੈ ਜਦਕਿ ਸਟਰਾਟਾ ਰਿਹਾਇਸ਼ੀ ਪ੍ਰਾਪਰਟੀਜ਼ (ਜਿਵੇਂ ਕੰਡੋਮਿਨੀਅਮਸ ਅਤੇ ਟਾਊਨਹੋਮਸ) ਦੀ ਕੀਮਤ 29 ਫ਼ੀਸਦੀ (ਕ੍ਰਮਵਾਰ ਵੈਨਕੂਵਰ ਤੇ ਸਕੁਏਇਮਸ਼ਨ ਵਿਚ) ਵਧੀ ਹੈ। ਡੈਲਟਾ ਵਿਚ ਇਕੱਲੇ ਪਰਿਵਾਰ ਵਾਲੇ ਘਰ ਦੀ ਕੀਮਤ 33 ਫ਼ੀਸਦੀ ਵਾਧੇ ਨਾਲ 968000 ਡਾਲਰ ਤੋਂ 1285000 ਡਾਲਰ ਹੋ ਗਈ ਹੈ। ਇਸੇ ਦੌਰਾਨ ਸਟਰਾਟਾ ਰਿਹਾਇਸ਼ੀ ਘਰ ਦੀ ਕੀਮਤ 552000 ਡਾਲਰ ਤੋਂ 13 ਫ਼ੀਸਦੀ ਵਧ ਕੇ 625000 ਡਾਲਰ ਹੋ ਗਈ ਹੈ। 2022 ਪ੍ਰਾਪਰਟੀ ਅਸੈਸਮੈਂਟ ਮੌਜੂਦਾ ਸਮੇਂ ਬੀਸੀਅਸੈਸਮੈਂਟ ਡਾਟ ਸੀਏ 'ਤੇ



ਆਨਲਾਈਨ ਉਪਲਬਧ ਹੈ। ਕੁਲ ਮਿਲਾ ਕੇ ਲੋਅਰ ਮੇਨਲੈਂਡ ਵਿਚ ਰੀਅਲ ਅਸਟੇਟ ਦੀ ਕੁਲ ਕੀਮਤ 2021 ਦੇ ਮੁਕਾਬਲੇ 20 ਫ਼ੀਸਦੀ ਵਧੀ ਹੈ।




## ਐਲਬਰਟਾ ਵੱਲੋਂ ਟ੍ਰੈਫ਼ਿਕ ਕੋਰਟ ਖਤਮ ਕਰਨ ਦਾ ਐਲਾਨ

**• ਟ੍ਰੈਫ਼ਿਕ ਟਿਕਟ ਨੂੰ ਚੈਲਿੰਜ ਕਰਨ ਦਾ ਖ਼ਰਚਾ 150 ਡਾਲਰ • ਨਵੇਂ ਨਿਯਮ ਪਹਿਲੀ ਫ਼ਰਵਰੀ ਤੋਂ ਸ਼ੁਰੂ**

ਕਮਲਜੀਤ ਬੁੱਟਰ, ਕੈਲਗਰੀ : ਐਲਬਰਟਾ ਸਰਕਾਰ ਨੇ ਨਵਾਂ ਐਲਾਨ ਕਰਦਿਆਂ ਕਿਹਾ ਹੈ ਕਿ ਟ੍ਰੈਫਿਕ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ ਵਾਸਤੇ ਟ੍ਰੈਫਿਕ ਕੋਰਟਸ ਖ਼ਤਮ ਕੀਤੀਆਂ ਜਾ ਰਹੀਆਂ ਹਨ। ਹੁਣ ਇਲੈਕਟ੍ਰੋਨਿਕ ਟਿਕੇਟਜ਼ ਜਾਰੀ ਕੀਤੀਆਂ ਜਾਣਗੀਆਂ ਤੇ ਈਮੇਲ ਰਾਹੀਂ ਭੇਜੀਆਂ ਜਾਣਗੀਆਂ। ਜੇ ਕੋਈ ਇਹਨਾਂ ਨੂੰ ਚੈਲਿੰਜ ਕਰਨਾ ਚਾਹੇ ਤਾਂ ਇਸ ਦਾ ਖ਼ਰਚਾ 150 ਡੋਲਰਜ਼



ਤੱਕ ਹੋ ਸਕੇਗਾ। ਕੋਰਟ ਸਿਸਟਮ ਤੇ ਭਾਰੀ ਬੈਕਲੌਗ ਨੂੰ ਖ਼ਤਮ ਕਰਨ ਲਈ ਇਹ ਕਦਮ ਚੁੱਕਿਆ ਗਿਆ ਦੱਸਿਆ ਜਾਂਦਾ ਹੈ ਤੇ ਪਹਿਲੀ ਫ਼ਰਬਰੀ ਤੋਂ ਲਾਗੂ ਕੀਤਾ ਜਾ ਰਿਹਾ ਹੈ। ਕੁਝ ਜੁਰਮਾਨੇ ਵਧਾਏ ਜਾਣਗੇ ਪਰ ਡੀਮੈਰਿਟ ਸਿਸਟਮ ਪਹਿਲਾਂ ਵਾਂਗ ਜਾਰੀ ਰਹੇਗਾ। ਸੀਰੀਅਸ ਘਟਨਾਵਾਂ ਅਤੇ ਹਾਦਸਿਆਂ ਅਤੇ ਜਿਹਨਾਂ ਮਾਮਲਿਆਂ ਵਿੱਚ ਸੱਟ-ਫੇਟ ਲੱਗੀ ਹੋਵੇ, ਉਹਨਾਂ ਨੂੰ ਇਸ ਨਵੇਂ ਸਿਸਟਮ ਤੋਂ ਬਾਹਰ ਰੱਖਿਆ ਜਾਵੇਗਾ ਤੇ ਪਹਿਲਾਂ ਵਾਂਗ ਹੀ ਡੀਲ ਕੀਤਾ ਜਾਵੇਗਾ।

## ਨਵੇਂ ਏਰੀਨਾ ਲਈ ਬਦਲਵੇਂ ਰਾਹ ਲੱਭੇ ਜਾਣਗੇ-ਮੇਅਰ ਜੋਤੀ



ਕੈਲਗਰੀ (ਕਮਲਜੀਤ ਬੁੱਟ)-ਕੈਲਗਰੀ ਮੇਅਰ ਡਾ: ਜੋਤੀ ਗੌਂਡੇਕ ਦਾ ਕਹਿਣਾ ਹੈ ਕਿ ਕੈਲਗਰੀ ਫ਼ਲੇਮਜ਼ ਦੇ ਮਾਲਕਾਂ ਨਾਲ ਗੱਲਬਾਤ ਟੁੱਟ ਜਾਣ ਮਗਰੋਂ ਸ਼ਹਿਰ ਵਿੱਚ ਨਵੇਂ ਏਰੀਨਾ ਦੇ ਨਿਰਮਾਣ ਵਾਸਤੇ ਉਹ ਹੋਰ ਬਦਲਵੇਂ ਰਸਤੇ ਲੱਭਣਗੇ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਕਿਸੇ ਹੋਰ ਨਾਲ ਇਸ ਸੰਬੰਧੀ ਗੱਲਬਾਤ ਨਹੀਂ ਚੱਲ ਰਹੀ ਹੈ ਪਰ ਨਵਾਂ ਏਰੀਨਾ ਬਣਾਇਆ ਜਾਣਾ ਉਹਨਾਂ ਦਾ ਟੀਚਾ ਹੈ। ਮੇਅਰ ਨੇ ਕਿਹਾ ਕਿ ਕਈ ਪਾਰਟੀਆਂ ਇਸ ਵਿੱਚ ਦਿਲਚਸਪੀ ਲੈ ਰਹੀਆਂ ਹਨ ਤੇ ਉਹਨਾਂ ਵਾਸਤੇ ਗੱਲਬਾਤ ਦੇ ਦਰਵਾਜ਼ੇ ਖੁੱਲ੍ਹੇ ਹੋਏ ਹਨ। ਜਿੱਥੇ ਕੁਝ ਕੌਂਸਲਰਜ਼ ਨੇ ਆਸ ਪ੍ਰਗਟ ਕੀਤੀ ਹੈ ਕਿ ਨਵੇਂ ਏਰੀਨਾ ਵਾਸਤੇ ਗੱਲਬਾਤ ਜਲਦ ਸ਼ੁਰੂ ਹੋ ਸਕਦੀ ਹੈ, ਉਥੇ ਕੁਝ ਕੌਂਸਲਰਜ਼ ਨੇ ਕਿਹਾ ਹੈ ਕਿ ਇਹ ਜਲਦੀ ਨਹੀਂ ਹੋ ਸਕੇਗਾ ਤੇ ਵੱਡਾ ਪਾਰਟਨਰ ਮਿਲਣਾ ਸੌਖਾ ਨਹੀਂ। ਮੰਗਲਵਾਰ ਨੂੰ ਪ੍ਰੀਮੀਅਰ ਜੇਸਨ ਕੈਨੀ ਨੇ ਵੀ ਇਸ ਏਰੀਨਾ ਸੰਬੰਧੀ ਗੱਲਬਾਤ ਟੁੱਟਣ 'ਤੇ ਕੌਂਸਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਦੀ ਆਲੋਚਨਾ ਕਰਦਿਆਂ ਨਿਰਾਸ਼ਾ ਦਾ ਪ੍ਰਗਟਾਵਾ ਕੀਤਾ ਸੀ।

# ਇੰਡੋ-ਕੈਨੇਡੀਅਨ ਮੀਡੀਆ ਕਲੱਬ ਵੱਲੋਂ ਨਵੇਂ ਸਾਲ ਦੇ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ

ਸਰੀ-ਮਾਲਟਨ ਕੈਨੇਡਾ ਦੇ ਸੂਬੇ ਓਨਟਾਰੀਓ ਦੀ ਇੰਡੋ-ਕੈਨੇਡੀਅਨ ਮੀਡੀਆ ਕਲੱਬ ਦੇ ਮੈਂਬਰਾਂ (ਅਮਰਜੀਤ ਰਾਏ, ਦਿਲਬਾਗ ਚਾਵਲਾ, ਗੁਰਸ਼ਰਨ ਮਾਨ, ਸੁੱਖੀ ਨਿੱਝਰ, ਸਿੰਘ ਹਰਜੀਤ, ਸੰਨਦੀਪ ਭੱਟੀ, ਟੋਨੀ ਜੌਹਲ, ਮੰਗਾ ਜਸਵਾਲ, ਪ੍ਰਸਪਿੰਦਰ ਸੰਧੂ, ਕੁਲਤਰਨ ਪਧਿਆਣਾ, ਬਲਜੀਤ ਮੰਡ) ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਸਰਬੱਤ ਦੇ ਭਲੇ ਲਈ ਅਰਦਾਸ ਨਾਲ ਕੀਤੀ ਗਈ ਹੈ। ਕਲੱਬ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਮਾਲਟਨ, ਗੁਰਦੁਆਰਾ ਸਾਹਿਬ ਵਿਖੇ ਅੱਜ ਪਹਿਲੀ ਜਨਵਰੀ ਵਾਲ਼ੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਨਵੇਂ ਸਾਲ ਮੌਕੇ ਚੜ੍ਹਦੀ ਕਲਾ ਦਾ ਸੰਕਲਪ ਲਿਆ ਗਿਆ। ਇਸ ਮੌਕੇ ਕੀਰਤਨ, ਕਥਾ ਅਤੇ ਢਾਡੀ ਵਾਰਾਂ ਤੋਂ ਬਾਅਦ, ਲੋਕਾਂ ਵਲੋਂ ਚੁਣੇ ਹੋਏ ਨੁਮਾਇੰਦਿਆਂ: ਸ੍ਰ ਜਗਮੀਤ ਸਿੰਘ ਦੇ ਛੋਟੇ ਭਰਾ ਵਿਧਾਇਕ ਸ੍ਰ ਗੁਰਰਤਨ ਸਿੰਘ, ਵਿਧਾਇਕ ਸ਼੍ਰੀ ਦੀਪਕ ਆਨੰਦ, ਕੌਂਸਲਰ ਸ੍ਰ ਹਰਕੀਰਤ ਸਿੰਘ, ਸ੍ਰ ਹਰਜੀਤ ਸਿੰਘ (ਪੰਜਾਬੀ ਵਿਰਸਾ), ਸ੍ਰ ਹਰਪ੍ਰੀਤ ਸਿੰਘ ਹੰਸਰਾ ਅਤੇ 'ਕੈਨੇਡੀਅਨ ਪੰਜਾਬੀ ਬ੍ਰੌਡਕਾਸਟਰ ਐਸੋਸੀਏਸ਼ਨ' ਦੇ ਕੋਆਰਡੀਨੇਟਰ ਅਤੇ 'ਪੀ ਸੀ ਮੀਡੀਆ' ਦੇ ਸੰਚਾਲਕ ਸ੍ਰ ਜਗਦੀਸ਼ ਸਿੰਘ ਗਰੇਵਾਲ ਨੇ ਆਈਆਂ ਹੋਈਆਂ ਸੰਗਤਾ ਨੂੰ ਸੰਬੋਧਨ ਕੀਤਾ। 'ਦ ਗ੍ਰੇਟ ਫਰੈਂਡਜ਼ ਕਲੱਬ' ਦੇ ਮੈਂਬਰਾਂ (ਮੇਜਰ ਨੱਤ, ਬੰਤ ਨਿੱਝਰ, ਦਲਜੀਤ ਸਹੋਤਾ, ਕਰਮਜੀਤ ਸੁੰਨੜ, ਜਸਵੀਰ ਭੱਟੀ, ਜਗਦੀਸ਼ ਗਰੇਵਾਲ, ਬਿੱਲਾ ਸਿੱਧੂ, ਰੈਂਬੋ ਅਤੇ ਹੋਰ) ਵਲੋਂ 'ਇੰਡੋ-ਕੈਨੇਡੀਅਨ ਮੀਡੀਆ ਕਲੱਬ' ਨੂੰ ਯਾਦਗਾਰੀ ਚਿੰਨ੍ਹ ਵੀ ਭੇਟ ਕੀਤਾ ਗਿਆ। ਇਨ੍ਹਾ ਤੋ ਇਲਾਵਾ ਸਾਬਕਾ ਵਿਧਾਇਕ ਹਰਿੰਦਰ ਮੱਲੀ, ਆਉਣ ਵਾਲ਼ੀਆਂ ਪ੍ਰੋਵਿੰਸ਼ੀਅਲ ਚੋਣਾਂ 'ਚ ਕੰਜਰਵੇਟਿਵ ਪਾਰਟੀ ਦੇ ਉਮੀਦਵਾਰ ਹਰਦੀਪ ਗਰੇਵਾਲ, ਪੰਜ-ਆਬ ਟੀ ਵੀ ਦੇ ਕਰਤਾ-ਧਰਤਾ ਜੱਸੀ ਸਰਾਏ, ਬਿੰਦਰ ਸਿੰਘ, 'ਅਮਰ ਆਰਟਸ ਆਫ਼ ਲਾਈਫ਼' ਆਰਗਨ ਡੋਨੇਸ਼ਨ ਸੰਸਥਾ ਤੋਂ ਹਰਜੀਤ ਕਲੋਇਆ, ਗੁਰਪ੍ਰੀਤ ਮਾਨ, ਕੁਲਵਿੰਦਰ ਛੀਨਾ, ਅਵਤਾਰ ਸਿੰਘ, ਜੱਸੀ ਹੰਸਰਾ, ਰਾਜਵੀਰ ਬੋਪਾਰਾਏ ਚਮਕੌਰ ਮਾਛੀਕੇ, ਹਰਜੀਤ ਬਾਜਵਾ, ਦਿਨੇਸ਼ ਸ਼ਰਮਾ ਅਤੇ ਹੋਰ ਬਹੁਤ ਸਾਰੀਆਂ ਸੰਗਤਾਂ ਨੇ ਗੁਰੂ ਦਰਬਾਰ 'ਚ ਹਾਜ਼ਰੀ ਲਗਵਾਈ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਕਲੱਬ ਦੇ ਪ੍ਰਧਾਨ ਸ੍ਰ ਅਮਰਜੀਤ ਸਿੰਘ ਰਾਏ ਵੱਲੋਂ ਗੁਰੂ ਸਾਹਿਬ, ਆਈਆਂ ਸਮੁੱਚੀਆਂ ਸੰਗਤਾਂ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ ਦਲਜੀਤ ਸਿੰਘ ਸੇਖੋਂ ਅਤੇ ਸਮੁੱਚੀ ਪ੍ਰਬੰਧਕ ਕਮੇਟੀ, ਬਿਜ਼ਨਸ ਅਦਾਰਿਆਂ, ਮੀਡੀਆਕਾਰਾਂ ਅਤੇ ਲੀਡਰ ਸਾਹਿਬਾਨਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਅਮਰਜੀਤ ਰਾਏ ਹੋਰਾਂ ਵੱਲੋਂ ਗਾਈ ਕਵਿਤਾ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ 'ਤੇ ਆਧਾਰਿਤ ਸੀ, ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਸਟੇਜ ਸਕੱਤਰ ਦੀ ਜ਼ਿਮੇਵਾਰੀ ਸ੍ਰ ਜਸਬੀਰ ਸਿੰਘ ਬੋਪਾਰਾਏ ਅਤੇ ਸ੍ਰ ਬਲਜਿੰਦਰ ਸਿੰਘ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ਼ ਨਿਭਾਈ।




## ਅਲਬਰਟਨ ਹੁਣ ਦਸ ਦਿਨ ਦੀ ਥਾਂ ਪੰਜ ਦਿਨ ਕਰ ਸਕਣਗੇ ਆਇਸੋਲੇਸ਼ਨ

ਕੈਲਗਰੀ (ਕਮਲਜੀਤ ਬੁੱਟਰ)-ਐਲਬਰਟਾ ਵਿੱਚ ਰਹਿਣ ਵਾਲੇ ਜਿਹਨਾ ਲੋਕਾਂ ਨੂੰ ਕੋਵਿਡ-19 ਤੋਂ ਬਚਾਅ ਵਾਸਤੇ ਦੋਵੇਂ ਇੰਜੈਕਸ਼ਨਜ਼ ਲੱਗ ਗਏ ਹਨ ਉਹਨਾਂ ਨੂੰ ਦੁਬਾਰਾ ਇਸ ਵਾਇਰਸ ਦੀ ਲਪੇਟ ਵਿੱਚ ਆਉਣ 'ਤੇ ਹੁਣ ਦਸ ਦਿਨਾਂ ਦੀ ਥਾਂ ਸਿਰਫ਼ 5 ਦਿਨ ਹੀ ਆਇਸੋਲੇਸ਼ਨ ਵਿੱਚ ਰਹਿਣਾ ਪਵੇਗਾ। ਪੰਜ ਦਿਨਾਂ ਬਾਦ ਰੈਪਿਡ ਟੈਸਟ ਕਰਵਾਉਣ ਦੀ ਸਲਾਹ ਜਾਰੀ ਕੀਤੀ ਗਈ ਹੈ। ਬੀਤੇ ਸੋਮਵਾਰ ਤੋਂ ਐਲਬਰਟਾ ਵਿੱਚ ਇਹ ਨਿਯਮ ਲਾਗੂ ਹੋ ਗਿਆ ਹੈ। ਇਹਨਾਂ ਪੰਜ ਦਿਨਾਂ ਵਿੱਚ ਜੇ ਵਾਇਰਸ ਦੇ ਲੱਛਣ ਖ਼ਤਮ ਨਹੀਂ ਹੁੰਦੇ ਤਾਂ ਆਇਸੋਲੇਸ਼ਨ ਜਾਰੀ ਰੱਖਣੀ ਪਵੇਗੀ। ਜਿਹਨਾਂ ਦੇ ਵੈਕਸਿਨੇਸ਼ਨ ਨਹੀਂ ਲੱਗੀ ਹੈ, ਉਹਨਾਂ ਨੂੰ ਦਸ ਦਿਨ ਹੀ ਆਇਸੋਲੇਸ਼ਨ ਵਿੱਚ ਰਹਿਣਾ ਪਵੇਗਾ। ?ਟੈਰੀ?, ਨਿਊ ਬ੍ਰੰਜ਼ਵਿਕ, ਮੈਨਿਟੋਬਾ, ਸੈਸਕੈਚੇਵਾਨ, ਬ੍ਰਿਟਿਸ਼ ਕੋਲੰਬੀਆ ਵੱਲੋਂ ਵੀ ਇਹੀ ਨਿਯਮ ਲਾਗੂ ਕੀਤਾ ਜਾ ਚੁੱਕਿਆ ਹੈ।

## ਨਵੇਂ ਸਾਲ ਵਾਲੇ ਦਿਨ ਘਰ ਨੂੰ ਨਿਸ਼ਾਨਾ ਬਣਾ ਚਲਾਈਆਂ ਗੋਲ਼ੀਆਂ

ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਨੌਰਥ ਈਸਟ ਵਿੱਚ ਨਵੇਂ ਸਾਲ ਦੇ ਪਹਿਲੇ ਦਿਨ ਹੀ ਰਾਤ ਸਵਾ ਨੌਂ ਵਜੇ ਦੇ ਕਰੀਬ ਫੈਲਕਨ-ਰਿਜ ਕਮਿਉਨਿਟੀ ਦੇ ਇਕ ਘਰ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਏ ਜਾਣ ਦੀ ਖ਼ਬਰ ਹੈ। ਇਸ ਵਾਰਦਾਤ ਵਿੱਚ ਕੋਈ ਵਿਅਕਤੀ ਜ਼ਖ਼ਮੀ ਨਹੀਂ ਹੋਇਆ ਹੈ ਤੇ ਨਾ ਹੀ ਕਿਸੇ ਦੀ ਗ਼ਿਰਫ਼ਤਾਰੀ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਡ੍ਰਾਇਵ ਬਾਇ ਸ਼ੂਟਿੰਗ ਵਿੱਚ ਘਰ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ ਸੀ ਇਕੋ ਘਰ ਵੱਲ ਗੋਲੀਆਂ ਚਲਾਈਆਂ ਗਈਆਂ। ਕਿਸੇ ਸ਼ੱਕੀ ਵਾਰੇ ਵੀ ਕੋਈ ਸੂਚਨਾ ਨਹੀਂ ਮਿਲ ਸਕੀ ਹੈ ਤੇ ਪੁਛਗਿੱਛ ਕੀਤੀ ਜਾ ਰਹੀ ਹੈ।

## ਸਿੰਗਾਪੁਰ ਵਿਚ ਤਿੰਨ ਭਾਰਤੀਆਂ ਨੂੰ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਜੇਲ ਦੀ ਸਜ਼ਾ

ਸਿੰਗਾਪੁਰ-ਸਿੰਗਾਪੁਰ 'ਚ 'ਤਕਨੀਕੀ ਸਹਾਇਤਾ' ਘੁਟਾਲਾ ਕਰਨ ਵਾਲੇ ਇਕ ਕੌਮਾਂਤਰੀ ਗਰੋਹ 'ਚ ਸ਼ਾਮਲ ਹੋਣ ਦੇ ਦੋਸ਼ ਹੇਠ ਤਿੰਨ ਭਾਰਤੀਆਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। 'ਦਿ ਸਟਰੇਟਸ ਟਾਈਮਜ਼' ਦੀ ਰਿਪੋਰਟ ਮੁਤਾਬਕ ਤਿੰਨੋਂ ਮੁਲਜ਼ਮ ਪੜ੍ਹਨ ਦੇ ਇਰਾਦੇ ਨਾਲ ਭਾਰਤ ਤੋਂ ਸਿੰਗਾਪੁਰ ਆਏ ਸਨ ਅਤੇ ਬਾਅਦ 'ਚ ਗਰੋਹ ਲਈ ਕੰਮ ਕਰਨ ਲੱਗ ਪਏ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਨੰਦੀ ਨੀਲਾਦਰੀ (24) ਨੂੰ 18 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਨੀਲਾਦਰੀ ਨੇ 30,500 ਸਿੰਗਾਪੁਰ ਡਾਲਰ ਦੀ ਹੇਰਾਫੇਰੀ ਕੀਤੀ ਸੀ। ਇਕ ਹੋਰ ਮੁਲਜ਼ਮ ਆਕਾਸ਼ਦੀਪ ਸਿੰਘ (23) ਨੇ 1,18,000 ਸਿੰਗਾਪੁਰ ਡਾਲਰ ਤੋਂ ਵੱਧ ਦੀ ਠਗੀ ਮਾਰੀ ਸੀ ਅਤੇ ਉਸ ਨੂੰ ਇਕ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਤੀਜੇ ਮੁਲਜ਼ਮ ਗਿਰੀ ਦੇਵਜੀਤ (24) ਨੂੰ ਸੱਤ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ ਜਿਸ ਨੇ ਗਲਤ ਤਰੀਕੇ ਨਾਲ 61,000 ਸਿੰਗਾਪੁਰ ਡਾਲਰ ਤੋਂ ਜ਼ਿਆਦਾ ਰਕਮ ਹਾਸਲ ਕੀਤੀ ਸੀ। ਗਿਰੀ ਅਤੇ ਨੰਦੀ 2019 'ਚ ਸਿੰਗਾਪੁਰ ਆਏ ਸਨ ਜਦਕਿ ਆਕਾਸ਼ 2020 'ਚ ਇਥੇ ਆਇਆ ਸੀ। ਅਦਾਲਤ ਦੇ ਦਸਤਾਵੇਜ਼ਾਂ 'ਚ ਇਹ ਖੁਲਾਸਾ ਨਹੀਂ ਕੀਤਾ ਗਿਆ ਕਿ ਉਹ ਕਿਸ ਕਾਲਜ 'ਚ ਪੜ੍ਹ ਰਹੇ ਸਨ। ਇਸ ਮਾਮਲੇ 'ਚ ਅਦਾਲਤ ਨੇ ਪਹਿਲਾਂ ਉਨ੍ਹਾਂ ਦੇ ਚਾਰ ਸਾਥੀਆਂ ਤੀਰਥ ਸਿੰਘ (22), ਤੇਨਜ਼ਿੰਗ ਉਗਯਨ ਲਾਮਾ ਸ਼ੇਰਪਾ (23), ਮੁਖਰਜੀ ਸੁਕੰਨਿਆ (24) ਅਤੇ ਜਸਪ੍ਰੀਤ ਸਿੰਘ (26) ਨੂੰ ਸਜ਼ਾ ਸੁਣਾਈ ਸੀ। ਸਿੰਗਾਪੁਰ ਪੁਲੀਸ ਵੱਲੋਂ ਜਾਰੀ ਬਿਆਨ ਮੁਤਾਬਕ ਇਹ ਘੁਟਾਲਾ ਕਈ ਦੇਸ਼ਾਂ 'ਚ ਫੈਲਿਆ ਹੋਇਆ ਸੀ।



# ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤੀ ਅਰਜੀ ਤੇ ਸੁਣਵਾਈ 10 ਜਨਵਰੀ ਪਈ



ਮੁਹਾਲੀ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ 'ਤੇ ਬੁੱਧਵਾਰ ਨੂੰ ਹਾਈ ਕੋਰਟ ਵਿੱਚ ਸੁਣਵਾਈ ਹੋਈ। ਅਦਾਲਤ ਨੇ ਵਕੀਲਾਂ ਦੀ ਬਹਿਸ ਤੋਂ ਬਾਅਦ 10 ਜਨਵਰੀ ਤੱਕ ਸੁਣਵਾਈ ਅੱਗੇ ਟਾਲ ਦਿੱਤੀ ਹੈ। ਮਜੀਠੀਆ ਨੇ ਆਪਣੇ ਵਕੀਲ ਦਮਨਬੀਰ ਸਿੰਘ ਸੋਬਤੀ ਰਾਹੀਂ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਹਾਸਲ ਕਰਨ ਲਈ ਅਰਜ਼ੀ ਦਾਇਰ ਕੀਤੀ ਹੋਈ ਹੈ। ਮਜੀਠੀਆ ਖ਼ਿਲਾਫ਼ ਕੁੱਝ ਦਿਨ ਪਹਿਲਾਂ ਇੱਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲੀਸ ਦੇ ਸਟੇਟ ਕਰਾਈਮ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਕੇਸ ਦਰਜ ਹੋਣ ਤੋਂ ਬਾਅਦ ਮਜੀਠੀਆ ਰੂਪੋਸ਼ ਹੋ ਗਿਆ ਹੈ। ਪੰਜਾਬ ਸਰਕਾਰ ਅਤੇ ਪੁਲੀਸ ਨੂੰ ਉਨ੍ਹਾਂ ਦੇ ਵਿਦੇਸ਼ ਭੱਜਣ ਦਾ ਖਦਸ਼ਾ ਹੈ। ਹਾਲਾਂਕਿ ਇਸ ਸਬੰਧੀ ਪੁਲੀਸ ਵੱਲੋਂ ਅਕਾਲੀ ਆਗੂ ਖ਼ਿਲਾਫ਼ ਲੁੱਕ-ਆਊਟ ਨੋਟਿਸ ਜਾਰੀ ਕੀਤਾ ਗਿਆ ਹੈ।








# ਨਵੇਂ ਸਾਲ ਦੀ ਆਮਦ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਖੇ ਰੌਣਕਾਂ

ਸਰੀ (ਜਰਨੈਲ ਸਿੰਘ ਭੰਡਾਲ)-ਸਾਲ 2021 ਨੂੰ ਅਲਵਿਦਾ ਕਹਿਣ ਅਤੇ ਸਾਲ 2022 ਨੂੰ ਜੀ ਆਇਆਂ ਕਹਿਣ ਵਾਸਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਲਵਾਈਆਂ।31 ਦਸੰਬਰ ਦਿਨ ਸ਼ੁੱਕਰਵਾਰ ਨੂੰ ਕੀਰਤਨ ਦਰਬਾਰ 12 ਵਜੇ ਤੱਕ ਜਾਰੀ ਰਹੇ ਅਤੇ ਸੰਗਤਾਂ ਨੇ ਮੌਸਮ ਖਰਾਬ ਹੋਣ ਦੇ ਬਾਵਜੂਦ ਹਾਜ਼ਰੀਐਂ ਲਵਾਈਆਂ ਅਤੇ ਬੋਲੇ ਸੋ ਨਿਹਾਲ ਜੈਕਾਰਿਆਂ ਨਾਲ ਨਵੇਂ ਸਾਲ ਵਿਚ ਆਮਦ ਕੀਤੀ।1 ਜਨਵਰੀ ਦਿਨ ਸਨਿਚਰਵਾਰ ਸਵੇਰੇ 9 ਵਜੇ ਤੋਂ ਸ਼ਾਮ ਦੇ 8.30 ਵਜੇ ਤੱਕ ਕੀਰਨਤ ਜਾਰੀ ਰਹੇ। ਕੀਰਤਨੀ ਜਥੇ ਭਾਈ ਹਜ਼ੂਰਗਿਰੀ, ਕੁਲਦੀਪ ਸਿੰਘ ਬਾਬਾ ਬਕਾਲੇ ਵਾਲੇ, ਭਾਈ ਬਲਜਿੰਦਰ ਸਿੰਘ ਪਿਹੋਵਾਵਾਲੇ, ਭਾਈ ਸੁਖਵਿੰਦਰ ਸਿੰਘ ਮੋਗੇਵਾਲੇ ਅਤੇ ਭਾਈ ਤਰਲੋਚਨ ਸਿੰਘ ਰਿਚਮਿੰਡ ਵਾਲਿਆਂ ਦੇ ਜਥੇਆਂ ਨੇ ਹਾਜ਼ਰੀ ਭਰੀ। ਵਿਦਵਾਨ ਗਿਆਨੀ ਹਰਮਿੰਦਰਪਾਲ ਸਿੰਘ ਜੀ ਅਤੇ ਗਿਆਨੀ ਹਰਜੀਤ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਹਰਮੋਹਨ ਸਿੰਘ ਜੀ ਬਿਹੋਸਾਜ ਨਾਲ ਕਵਿਤਾਵਾਂ ਸੁਣਾਈਆਂ।ਮੁੱਖ ਸੇਵਾਦਾਰ ਭਾਈ ਮਲਕੀਅਤ ਸੰਘ ਧਾਮੀ ਜੀ ਨੇ ਸੰਗਤਾਂ ਨੂੰ ਨਵੇਂ ਸਾਲ ਦੀਐਂ ਵਧਾਈਆਂ ਆਪਣੇ ਵੱਲੋਂ ਅਤੇ ਪ੍ਰਬੰਧਕਾਂ ਸ਼ੁੱਭ ਕਾਮਨਾਵਾਂ ਕੀਤੀਆਂ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616





# ਲੋਹੜੀ ਦੇ ਤਿਉਹਾਰ ਨੂੰ ਸਹੀ ਭਾਵਨਾ ਨਾਲ ਮਨਾਉਣ ਦੀ ਲੋੜ

ਲੋਹੜੀ ਇਕ ਖੁਸ਼ੀਆਂ ਵੰਡਣ ਵਾਲਾ, ਆਸਾਂ ਉਮੰਗਾਂ ਵਾਲਾ ਤਿਉਹਾਰ ਹੈ ਜੋ ਸਾਰੇ ਭਾਰਤ ਤੇ ਵਿਦੇਸ਼ਾਂ ਵਿਚ ਜਿਥੇ ਵੀ ਭਾਰਤੀ ਵਸਦੇ ਹਨ, ਬੜੇ ਹੁਲਾਸ ਨਾਲ ਮਨਾਇਆ ਜਾਂਦਾ ਹੈ। ਇਹ ਮਾਘ ਮਹੀਨੇ ਦੇ ਚੜ੍ਹਨ ਤੋਂ ਅਰਥਾਤ ਮਕਰ ਸੰਕ੍ਰਾਂਤੀ ਤੋਂ ਇਕ ਦਿਨ ਪਹਿਲਾਂ ਆਉਂਦਾ ਹੈ। ਸਿੱਖ ਮਾਘੀ 40 ਮੁਕਤਿਆਂ ਦੀ ਯਾਦ ਵਿਚ ਮਨਾਉਂਦੇ ਹਨ। ਇਸ ਤ੍ਰਾਂ ਇਹ ਦੋ ਤਿਓਹਾਰ ਸਾਡੀ ਧਾਰਮਿਕ ਆਸਥਾ ਨੂੰ ਪੇਸ਼ ਕਰਦੇ ਹਨ। ਲੋਹੜੀ ਦੇ ਇਸ ਪਵਿੱਤਰ ਤਿਓਹਾਰ ਨਾਲ ਕੁਝ ਪ੍ਰਸ਼ਨ ਵੀ ਜੁੜ ਗਏ ਹਨ ਜਿਨ੍ਹਾਂ ਬਾਰੇ ਵੀ ਵਿਚਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਭਾਸ਼ਾ ਦੇ ਨੁਕਤੇ ਤੋਂ ਇਹ ਲੋਹੜੀ ਸ਼ਬਦ ਤਿਲ ਅਤੇ ਰੋੜੀ ਦੇ ਸੁਮੇਲ ਤੋਂ ਬਣਿਆ ਹੈ। ਕਈ ਥਾਵਾਂ 'ਤੇ ਇਹ ਲੋਈ ਤੇ ਲੋਹੀ ਪੁਕਾਰਿਆ ਜਾਂਦਾ ਹੈ। ਸਾਰੇ ਸੰਸਾਰ ਵਿਚ ਬਹੁਤੇ ਤਿਓਹਾਰ ਰੁੱਤਾਂ ਦੇ ਬਦਲਣ ਨਾਲ ਹੋਂਦ ਵਿਚ ਆਏ ਹਨ। ਲੋਹੜੀ ਦਾ ਤਿਓਹਾਰ ਵੀ ਬਹੁਤੀ ਠੰਢ ਹੋਣ ਦੇ ਸਮੇਂ ਵਿਚ ਆਉਂਦਾ ਹੈ। ਇਸ ਲਈ ਠੰਢ ਤੋਂ ਬਚਣ ਲਈ ਅੱਗ ਬਾਲ ਕੇ ਠੰਢ ਨੂੰ ਅਲਵਿਦਾ ਕਹਿਣ ਦੀ ਚੇਸ਼ਟਾ ਕੀਤੀ ਜਾਂਦੀ ਹੈ। ਇਸ ਦਿਨ ਕਿਸਾਨ ਦੇ ਘਰ ਵਿਚ ਕਈ ਫਸਲਾਂ ਮਕੱਈ, ਬਾਜਰਾ, ਤਿਲ, ਮੂੰਗਫਲੀ ਆਦਿ ਆਉਂਦੀਆਂ ਹਨ ਤੇ ਉਹ ਇਸ ਦੀ ਖੁਸ਼ੀ ਮਨਾਉਂਦਾ ਹੋਇਆ ਸ਼ੁਕਰਾਨੇ ਵਜੋਂ ਅੱਗ ਬਾਲ ਕੇ ਪਹਿਲਾਂ ਇਨ੍ਹਾਂ ਵਸਤਾਂ ਨੂੰ ਅੱਗ ਵਿਚ ਬਾਲ ਕੇ ਆਪਣਾ ਸ਼ੁਕਰੀਆ ਪਰਮਾਤਮਾ ਅੱਗੇ ਭੇਟ ਕਰਦਾ ਹੈ। ਭਾਰਤੀ ਤਿਓਹਾਰਾਂ ਨਾਲ ਕਈ ਧਰਮਾਂ ਨੂੰ ਵੀ ਜੋੜ ਕੇ ਦੇਖਣ ਦੀ ਪ੍ਰਵਿਰਤੀ ਹੈ। ਕਿਹਾ ਜਾਂਦਾ ਹੈ ਕਿ ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਤੇ ਮੁੰਦਰੀ ਸਨ ਜਿਨ੍ਹਾਂ ਦੀ ਸ਼ਾਦੀ ਉਸ ਨੇ ਨਿਸਚਿਤ ਕਰ ਦਿੱਤੀ ਪਰ ਉਸ ਦਾ ਬਾਪ ਸ਼ਾਦੀ ਛੇਤੀ ਇਸ ਲਈ ਕਰਨਾ ਚਾਹੁੰਦਾ ਸੀ ਕਿਉਂਕਿ ਉਸ ਖੇਤਰ ਦਾ ਮਾਲਿਕ ,ਨਾਂ ਲੜਕੀਆਂ 'ਤੇ ਮਾੜੀ ਨਜ਼ਰ ਰੱਖਦਾ ਸੀ। ਇਸ ਆਲਮ ਵਿਚ ਬਜ਼ੁਰਗ ਬਾਪ ਇਕ ਵਾਰੀ ਜੰਗਲ ਵਿਚੋਂ ਗੁਜ਼ਰ ਰਿਹਾ ਸੀ ਤਾਂ ਉਸ ਦੀ ਭੇਟ ਉਸ ਸਮੇਂ ਦੇ ਮਸ਼ਹੂਰ ਬਾਗੀ ਦੁੱਲਾ ਭੱਟੀ ਨਾਲ ਹੋਈ। ਦੁੱਲਾ ਭੱਟੀ ਬਾਰੇ ਇਹ ਮਸ਼ਹੂਰ ਸੀ ਕਿ ਉਹ ਗਰੀਬਾਂ ਦੀ ਮਦਦ ਕਰਦਾ ਸੀ। ਬਜ਼ੁਰਗ ਨੇ ਆਪਣੀ ਤੇ ਲੜਕੀਆਂ ਦੀ ਰੱਖਿਆ ਦੀ ਮੰਗ ਕੀਤੀ। ਦੁੱਲਾ ਭੱਟੀ ਉਨ੍ਹਾਂ ਘਰਾਂ ਵਿਚ ਗਿਆ ਜਿਸ ਥਾਂ 'ਤੇ ਸ਼ਾਦੀ ਨਿਸਚਿਤ ਕੀਤੀ ਹੋਈ ਸੀ। ਦੁੱਲਾ ਭੱਟੀ ਨੇ ਲੱਕੜੀਆਂ ਇੱਕਠੀਆਂ ਕਰਕੇ ਤੇ ਜੰਗਲ ਵਿਚ ਅੱਗ ਬਾਲ ਕੇ ਪਵਿੱਤਰ ਅੱਗ ਦੁਆਲੇ ਤੇ ਆਪ ਧਰਮੀ ਬਾਬਲ ਬਣ ਕੇ ਉਨ੍ਹਾਂ ਦੀ ਸ਼ਾਦੀ ਕਰਵਾ ਦਿੱਤੀ। ਉਸ ਦਿਨ ਤੋਂ ਪੰਜਾਬ ਵਿਚ ਪਰੰਪਰਾ ਵਿਕਸਿਤ ਹੋ ਗਈ ਕਿ ਇਸ ਦਿਨ ਲੋਹੜੀ ਬਾਲੀ ਜਾਂਦੀ ਹੈ। ਇਸ ਲੋਕ ਗਾਥਾ ਨਾਲ ਇਕ ਲੋਕ ਸੁਰ ਲੋਹੜੀ ਵਾਲੇ ਦਿਨ ਵਿਸ਼ੇਸ਼ ਤੌਰ 'ਤੇ ਗਾਈ ਜਾਂਦੀ ਹੈ ਤੇ ਇਹ ਸੁਰ ਪੰਜਾਬੀ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦੀ ਹੈ। 'ਸੁੰਦਰ ਮੁੰਦਰੀਏ, ਹੋ, ਤੇਰਾ ਕੌਣ ਵਿਚਾਰਾ, ਹੋ, ਦੁੱਲਾ ਭੱਟੀ ਵਾਲਾ, ਹੋ, ਦੁੱਲੇ ,ਨੇ ਧੀ ਵਿਆਹੀ, ਹੋ।' ਕੁਝ ਹੋਰ ਪੁਰਾਣਕ ਕਥਾਵਾਂ ਵੀ ਇਸ ਨਾਲ ਜੁੜੀਆਂ ਹੋਈਆਂ ਹਨ। ਹੁਣ ਲੋਹੜੀ ਨੇ ਵੀ ਸਮਾਜਿਕ ਸਥਿਤੀ ਅਨੁਸਾਰ ਆਪਣਾ ਰੂਪ ਬਦਲਿਆ ਹੈ। ਹੁਣ ਵਿਖਾਵੇ ਦੀ ਰੁਚੀ ਇਸ ਵਿਚ ਬਹੁਤ ਵਧ ਗਈ ਹੈ। ਖਾਣ ਪੀਣ ਦੀਆਂ ਵਸਤਾਂ ਵਿਚ ਬਹੁਤ ਪਰਿਵਰਤਨ ਆਇਆ ਹੈ, ਜਿਸ ਨਿੱਗਰ ਪੰਪਰਾ ਤੇ ਸਾਡਾ ਲੋਹੜੀ ਦਾ ਤਿਓਹਾਰ ਟਿਕਿਆ ਹੋਇਆ ਹੈ ਤੇ ਜੋ ਪੰਜਾਬੀ ਸੱਭਿਆਚਾਰ ਦੀ ਖੁਸ਼ਬੂ ਉਸ ਵਿਚੋਂ ਆਉਂਦੀ ਹੈ, ਉਸ ਨੂੰ ਸਾਂਭਣ ਦੀ ਲੋੜ ਹੈ ਤੇ ਉਸ ਨੂੰ ਹੋਰ ਵਿਕਸਤ ਕਰਨ ਦੀ ਲੋੜ ਹੈ ਤਾਂ ਜੋ ਇਸ ਦੀ ਸਾਰਥਿਕਤਾ ਤੇ ਕਿੰਤੂ ਨਾ ਕੀਤਾ ਜਾ ਸਕੇ। ਕਈ ਥਾਵਾਂ 'ਤੇ ਪਰਿਵਾਰ ਛੋਟੇ ਹੋਣ ਕਰਕੇ ਲੜਕੀ ਦੀ ਲੋਹੜੀ ਮਨਾਉਣੀ ਸ਼ੁਰੂ ਤਾਂ ਹੋਈ ਹੈ ਪਰ ਇਹ ਪ੍ਰਤੀਸ਼ਤ ਸੰਤੋਸ਼ਜਨਕ ਨਹੀਂ ਹੈ। ਪਰੰਪਰਾਮਈ ਮਨਾਈ ਜਾਂਦੀ ਲੋਹੜੀ ਵਿਚ ਸਭਿਆਚਾਰ ਦੀ ਖੁਸ਼ਬੂ ਪਰਾਪਤ ਹੁੰਦੀ ਸੀ। ਇਸ ਵਿਚ ਰਿਓੜੀ, ਗੱਚਕ, ਤਾਜ਼ਾ ਗੁੜ ਦੀ ਸੁਗੰਧੀ ਮਿਲੀ ਹੋਈ ਨਜ਼ਰ ਆਉਂਦੀ ਸੀ ਪਰ ਹੁਣ ਲੋਕ ਪੁਰਾਣੀਆਂ ਵਸਤਾਂ ਨਾਲ ਸਬਰ ਨਹੀ ਕਰਦੇ ਸਗੋਂ ਮਹਿੰਗੀਆਂ ਮਠਿਆਈਆਂ ਦੇ ਡੱਬੇ ਲੈ ਕੇ ਇਕ ਦੂਸਰੇ ਨੂੰ ਸੁਗਾਤ ਵਜੋਂ ਦਿੰਦੇ ਹਨ, ਜਿਨ੍ਹਾਂ ਵਿਚ ਮਿਲਾਵਟ ਹੋਣ ਦੀ ਵੀ ਸੰਭਾਵਨਾ ਸਦਾ ਬਣੀ ਹੀ ਰਹਿੰਦੀ ਹੈ। ਅਜੋਕੀ ਲੋਹੜੀ ਦੇ ਗੀਤ ਜੋ ਦਿਨੋ-ਦਿਨ ਵਧੇਰੇ ਵਿਕਸਤ ਹੋ ਰਹੀ ਹੈ, ਉਸ ਵਿਚ ਭੰਗੜੇ ਗਿੱਧੇ ਦੀ ਥਾਪ ਹੁਣ ਕਿਤੇ-ਕਿਤੇ ਹੀ ਸੁਣਾਈ ਦਿੰਦੀ ਹੈ ਤੇ ਕਲੱਬ ਕਲਚਰ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ, ਜਿਥੇ ਨੰਗੇ ਨਾਚ ਕੈਬਰੇ ਵਧੇਰੇ ਵਿਕਸਤ ਹੋ ਰਹੇ ਹਨ। ਲੋਹੜੀ ਨੂੰ ਅਸੀਂ ਘਰਾਂ ਵਿਚੋਂ ਕੱਢ ਕੇ ਹੋਟਲਾਂ ਵਿਚ ਪਹੁੰਚਾ ਰਹੇ ਹਾਂ ਜਿਥੇ ਸ਼ਰਾਬਾਂ ਦੇ ਦੌਰ ਸਾਰੀ ਰਾਤ ਚਲਦੇ ਹਨ। ਰਾਤ ਨੂੰ ਅੱਗ ਬਾਲਣ ਦੇ ਵੀ ਤਰੀਕੇ ਬਦਲ ਰਹੇ ਹਨ ਜਿਸ ਨਾਲ ਧੂੰਆਂ ਬਹੁਤ ਪੈਦਾ ਹੁੰਦਾ ਹੈ ਤੇ ਪ੍ਰਦੂਸ਼ਣ ਦੀ ਸਮੱਸਿਆ ਵਿਚ ਵਾਧਾ ਹੁੰਦਾ ਹੈ। ਲੋਹੜੀ ਸਾਡੇ ਦਿਲਾਂ ਵਿਚ ਆਪਸੀ ਨਿੱਘ ਪੈਦਾ ਕਰੇ, ਇਹ ਹੀ ਕਾਮਨਾ ਕਰਨ ਦੀ ਲੋੜ ਹੈ।



ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਗ਼ਦਰੀ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ



ਡਾ: ਗੁਰਵਿੰਦਰ ਸਿੰਘ

ਗ਼ਦਰ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ ਜ਼ਿਕਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ 'ਚ ਨਾਮਾਤਰ ਹੀ ਮਿਲਦਾ ਹੈ। ਇਹ ਜਾਣਦਿਆਂ ਕਈਆਂ ਨੂੰ ਹੈਰਾਨੀ ਹੋਵੇਗੀ ਕਿ ਭਾਈ ਮੇਵਾ ਸਿੰਘ ਲੋਪੋਕੇ, ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਉਹਨਾਂ ਕੈਨੇਡਾ ਅੰਦਰ ਉਸ ਸਮੇਂ ਦੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਜੂਝਦਿਆਂ ਸ਼ਹੀਦੀ ਪਾਈ। ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਸ਼ਹਾਦਤ ਹੀ ਅੱਗ? ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਣੇ, ਅਨੇਕਾਂ ਗ਼ਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। 1914 ਈ। ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਇੱਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਜਸੂਸ ਅਤੇ ਐਂਗਲੋ-ਇੰਡੀਅਨ ਅਧਿਕਾਰੀ ਹਾਪਕਿਨਸਨ ਨੂੰ ਸੋਧਿਆ ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ ਜਾ ਕੇ ਮਾਈਕਲ ਓਡਵਾਇਰ ਨੂੰ 1940 ਵਿੱਚ ਸੋਧਣ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਸ਼ਹਾਦਤ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ। ਨੰਦ ਸਿੰਘ ਔਲਖ ਦੇ ਘਰ ਹੋਇਆ। 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ। ਉਨ੍ਹਾਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ।

ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਸਲਵਾਦ ਅਤੇ ਸਥਾਪਤੀ ਦੇ ਖ਼ਿਲਾਫ਼ ਸਿੱਖ ਇਤਿਹਾਸ ਦੇ ਕੁਰਬਾਨੀਆਂ ਭਰੇ ਜਜ਼ਬੇ ਤੋਂ ਭਾਈ ਮੇਵਾ ਸਿੰਘ ਲੋਪੋਕੇ ਅੰਦਰ ਆਜ਼ਾਦੀ ਦੀ ਚਿਣਗ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਵਿਚਲੇ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗ਼ਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

ਸ਼ਹੀਦ ਮੇਵਾ ਸਿੰਘ ਦੇ ਜੀਵਨ 'ਤੇ ਗੁਰੂ ਨਾਨਕ ਜਹਾਜ਼,ਕਾਮਾਗਾਟਾਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ ਸੀ। ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗ਼ਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਿਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗ਼ਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।









ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੁਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗ਼ਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਰੀਡ ਨੇ, ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗ਼ਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗ਼ਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਉਨ੍ਹਾਂ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ।

21 ਅਕਤੂਬਰ 1914 ਨੂੰ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ -ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ ਸੀ। ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਣਾਉ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਤੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ।

(ਬਾਕੀ ਸਫ਼ਾ 19 'ਤੇ)


ROHITA PANNU
LAW CORPORATION




BARRISTER & SOLICITOR SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399

Fax : 604.589.1556

www.rohitapannulaw.com

2 Locations to Serve You

# 102-9278, 120th St., Surrey, BC V3V 4W8

6303 Fraser St.,Vancouver BC

### ਵਾਇਰਲ ਹੋਈ ਆਡੀਓ ਮਾਮਲਾ

# ਬ੍ਰਹਮਪੁਰਾ ਨੇ 'ਆਪਣੇ ਬਾਊ' ਨੂੰ ਰੇਤੇ ਦੇ ਠੇਕੇ ਦਿਵਾਉਣ ਵਾਲੇ ਆਗੂ ਸੰਘਾ ਨੂੰ ਜਾਣਨ ਤੋ ਕੀਤਾ ਇਨਕਾਰ


ਸ੍ਰੀ ਗੋਇੰਦਵਾਲ ਸਾਹਿਬ-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਣੇ ਕਸ਼ਮੀਰ ਸਿੰਘ ਸੰਘਾ ਦੀਆਂ ਮਹਿਲਾ ਮਿੱਤਰ ਨਾਲ ਵੱਖ-ਵੱਖ ਆਡੀਓ ਵਇਰਲ ਹੋਣ ਮਗਰੋਂ ਹਲਕੇ ਵਿੱਚ ਨਮੋਸ਼ੀ ਦਾ ਸਾਹਮਣਾ ਕਰ ਰਹੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਅੱਜ ਭਰੀ ਰੈਲੀ ਵਿੱਚ ਸੰਘਾ ਨੂੰ ਪਛਾਨਣ ਤੋਂ ਕੋਰੀ ਨਾਂਹ ਕਰ ਦਿੱਤੀ। ਉਨ੍ਹਾਂ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਸੰਘਾ ਸਾਡਾ ਬੰਦਾ ਨਹੀਂ।' ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਹਲਕਾ ਖਡੂਰ ਸਾਹਿਬ ਵਿੱਚ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। ਪਿੰਡ ਸ਼ੇਖ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਟੈਲੀਫੋਨ 'ਤੇ ਕਿਸੇ ਔਰਤ ਨਾਲ ਉਨ੍ਹਾਂ ਦਾ ਨਾਂ ਲੈ ਕੇ ਗੱਲਾਂ ਕਰਦਾ ਸੁਣਾਈ ਦੇ ਰਿਹਾ ਹੈ। ਉਹ ਉਨ੍ਹਾਂ ਦਾ ਬੰਦਾ ਨਹੀ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਵਿੱਚ ਸ਼ਮੂਲੀਅਤ ਸਮੇਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਸ਼ਿਫਾਰਸ 'ਤੇ ਹੀ ਸੁਖਬੀਰ ਬਾਦਲ ਵੱਲੋਂ ਕਸ਼ਮੀਰ ਸਿੰਘ ਸੰਘਾ ਨੂੰ ਪਾਰਟੀ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਸੀ। ਜਿਸ ਦੀਆਂ ਕੁਝ ਦਿਨਾਂ ਬਾਅਦ ਇੱਕ ਮਹਿਲਾ ਮਿੱਤਰ ਨਾਲ ਗੱਲਬਾਤ ਕਰਦੇ ਦੀਆਂ ਆਡੀਓ ਵਾਇਰਲ ਹੋਈਆਂ ਸਨ। ਇਨ੍ਹਾਂ ਵਿੱਚ ਕਸ਼ਮੀਰ ਸਿੰਘ ਸੰਘਾ ਆਪਣੀ ਇੱਕ ਮਹਿਲਾ ਮਿੱਤਰ ਨੂੰ ਬ੍ਰਹਮਪੁਰਾ ਦੇ ਨਾਂ ਦੀ ਵਰਤੋਂ ਕਰਦਾ ਹੋਇਆ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਰੇਤੇ ਦਾ ਠੇਕਾ ਦਿਵਾਉਣ ਦੀ ਗੱਲ ਕਰ ਰਿਹਾ ਹੈ। ਇਸ ਆਡੀਓ ਰਿਕਾਰਡਿੰਗ ਦੇ ਵਾਇਰਲ ਹੋਣ ਕਾਰਨ ਹਲਕੇ ਵਿੱਚ ਹੋ ਰਹੀ ਪਾਰਟੀ ਦੀ ਕਿਰਕਿਰੀ ਤੋਂ ਬਚਣ ਲਈ ਅੱਜ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਭਰੀ ਰੈਲੀ ਵਿੱਚ ਸੰਘਾ ਨੂੰ ਪਛਾਨਣ ਤੋਂ ਕਰ ਦਿੱਤੀ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਾਬਕਾ ਪਤਨੀ ਤੇ ਜਾਨਲੇਵਾ ਹਮਲਾ

ਇਸਲਾਮਾਬਾਦ-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਾਬਕਾ ਪਤਨੀ ਰੇਹਮ ਖ਼ਾਨ 'ਤੇ ਕੁਝ ਬੰਦੂਕਧਾਰੀਆਂ ਨੇ ਗੋਲੀਆਂ ਚਲਾਈਆਂ ਜਿਸ 'ਚ ਉਹ ਵਾਲ ਵਾਲ ਬਚ ਗਈ। ਸਮਾ ਟੀਵੀ ਦੀ ਰਿਪੋਰਟ ਮੁਤਾਬਕ ਇਹ ਹਮਲਾ ਐਤਵਾਰ ਦੇਰ ਰਾਤ ਨੂੰ ਹੋਇਆ। ਰੇਹਮ ਖ਼ਾਨ ਨੇ ਟਵੀਟ ਕਰਕੇ ਹਮਲੇ ਦਾ ਖ਼ੁਲਾਸਾ ਕਰਦਿਆਂ ਕਿਹਾ ਕਿ ਜਦੋਂ ਉਹ ਆਪਣੇ ਭਤੀਜੇ ਦੇ ਵਿਆਹ ਤੋਂ ਪਰਤ ਰਹੀ ਸੀ ਤਾਂ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀਆਂ ਨੇ ਉਸ ਦੀ ਕਾਰ 'ਤੇ ਗੋਲੀਆਂ ਚਲਾਈਆਂ। ਉਨ੍ਹਾਂ ਕਿਹਾ ਕਿ ਖੁਦਾ ਦਾ ਸ਼ੁਕਰ ਹੈ ਕਿ ਉਹ ਦੂਜੀ ਕਾਰ 'ਚ ਬੈਠ ਗਈ ਸੀ ਅਤੇ ਹਮਲੇ ਵਾਲੀ ਕਾਰ 'ਚ ਉਸ ਦਾ ਨਿੱਜੀ ਸਕੱਤਰ ਅਤੇ ਡਰਾਈਵਰ ਹੀ ਸਨ। ਉਨ੍ਹਾਂ ਕਿਹਾ ਕਿ ਹਮਲੇ ਲਈ ਸਰਕਾਰ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।

# ਸਾਰਿਆਂ ਲਈ ਬੜਾ ਅਹਿਮ ਹੈ ਵਿਟਾਮਿਨ-ਡੀ

ਸੂਰਜ ਦੀਆਂ ਕਿਰਨਾਂ ਮਨੁੱਖ ਲਈ ਵਿਟਾਮਿਨ-ਡੀ ਦਾ ਮੁੱਖ ਸਰੋਤ ਹਨ। ਸਾਡੀ ਚਮੜੀ ਇਨ੍ਹਾਂ ਕਿਰਨਾਂ ਦੀ ਮਦਦ ਨਾਲ ਕੁਦਰਤੀ ਤੌਰ 'ਤੇ ਵਿਟਾਮਿਨ-ਡੀ ਤਿਆਰ ਕਰ ਲੈਂਦੀ ਹੈ। ਇਕ ਨਿਰੋਗ ਸਾਧਾਨਰ ਆਮਦੀ 15 ਤੋਂ 20 ਮਿੰਟਾਂ ਤੱਕ ਹਲਕੀ ਧੁੱਪ (ਤਪਸ਼ ਰਹਿਤ ਧੁੱਪ) ਦਾ ਆਨੰਦ ਲੈਣ ਨਾਲ ਲੋੜੀਂਦਾ ਵਿਟਾਮਿਨ ਡੀ ਪ੍ਰਾਪਤ ਕਰ ਸਕਦਾ ਹੈ। ਪਰ ਕੁੱਝ ਵਿਸ਼ੇਸ਼ ਹਾਲਾਤਾਂ ਜਿਵੇਂ ਮੋਟਾਪੇ ਤੋਂ ਪੀੜਤ ਲੋਕਾਂ, ਜਿਗਰ ਅਤੇ ਗੁਰਦੇ ਦੇ ਰੋਗੀਆਂ, ਸਟੀਰਾਇਡ ਵਰਗੀਆਂ ਦਵਾਈਆਂ ਦੀ ਵਰਤੋਂ ਕਰਨ ਵਾਲੇ ਲੋਕਾਂ, ਸਿਆਹ ਚਮੜੀ ਵਾਲੇ ਲੋਕਾਂ, ਕੁਪੋਸ਼ਣ ਦਾ ਸ਼ਿਕਾਰ ਬੱਚਿਆਂ, ਘਰ ਦੇ ਅੰਦਰ ਜ਼ਿਆਦਾਤਰਰਹਿਣ ਵਾਲੇ ਲੋਕਾਂ, ਸਨਸਕਰੀਨ ਦੀ ਜ਼ਿਆਦਾ ਵਰਤੋਂ ਕਰਨ ਵਾਲੀਆਂ ਔਰਤਾਂ ਅਤੇ ਬਜ਼ੁਰਗਾਂ ਆਦਿ ਵਿਚ ਵਿਟਾਮਿਨ ਡੀ ਦੀ ਕਮੀ ਆਮ ਰੱਖੀ ਜਾਂਦੀ ਹੈ। ਵਿਟਾਮਿਨ ਡੀ ਸਾਡੇ ਸਰੀਰ ਵਿਚ ਕੈਲਸ਼ੀਅਮ ਅਤੇ ਫਾਸਫੋਰਸ ਵਰਗੇ ਅਹਿਮ ਭੂਮਿਕਾ ਨਿਭਾਉਣ ਵਾਲੇ ਤੱਤਾਂ ਨੂੰ ਹਜ਼ਮ ਕਰਨ ਅਤੇ ਉਨ੍ਹਾਂ ਦੀ ਮਾਤਰਾ ਨੂੰ ਸਹੀ ਪੱਧਰ ਤੱਕ ਬਣਾਏ ਰੱਖਣ ਵਿਚ ਮਦਦਗਾਰ ਹੁੰਦਾ ਹੈ। ਕੈਲਸ਼ੀਅਮ ਦੀ ਦੰਦ 'ਤੇ ਹੱਡੀਆਂ ਬਣਾਉਣ, ਮਾਸ ਪੇਸ਼ੀਆਂ (ਪੱਠਿਆਂ) ਦੀ ਗਤੀ ਕੰਟਰੋਲ ਕਰਨ, ਮਾਨਸਿਕ ਸ਼ਕਤੀ ਵਧਾਉਣ ਅਤੇ ਦਿਮਾਗ ਤੇ ਨਸਾਂ ਦੇ ਸਹੀ ਤਰੀਕੇ ਨਾਲ ਸੁਨੇਹੇ ਪਹੁੰਚਾਉਣ ਵਿਚ ਅਹਿਮ ਭੂਮਿਕਾ ਹੁੰਦੀ ਹੈ ਜਦਕਿ ਫਾਸਫੋਰਸ ਸਰੀਰ ਅੰਦਰ ਹੱਡੀਆਂ ਦੇ ਨਿਰਮਾਣ ਪ੍ਰੋਟੀਨ ਤਿਆਰ ਕਰਨ, ਸੈੱਲਾਂ ਦੀ ਮੁਰੰਮਤ ਅਤੇ ਸਰੀਰਕ ਵਾਧੇ ਲਈ ਬੇਹੱਦ ਅਹਿਮ ਤੱਤ ਹੁੰਦਾ ਹੈ। ਇਸ ਤੋਂ ਇਲਾਵਾ ਵਿਟਾਮਿਨ ਡੀ ਹੱਡੀਆਂ ਨੂੰ ਟੁੱਟਣ ਤੋਂ ਰੋਕਣ ਲਈ, ਸ਼ੂਗਰ ਦੇ ਰੋਗ ਦੇ ਖਤਰੇ ਨੂੰ ਘੱਟ ਕਰਨ ਲਈ, ਫੇਫੜਿਆਂ ਦੀ ਕਾਰਜ ਸਮੱਰਥਾ ਵਧਾਉਣ ਲਈ, ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗਾਂ ਦੇ ਖਤਰੇ ਨੂੰ ਘੱਟ ਕਰਨ ਲਈ, ਰੋਗ ਰੱਖਿਅਕ ਸਮੱਰਥਾ ਵਧਾਉਣ, ਸਰੀਰਕ ਭਾਰ ਨੂੰ ਕਾਬੂ ਵਿਚ ਰੱਖਣ, ਚਿੰਤਾਵਾਂ ਨੂੰ ਦੂਰ ਕਰਨ ਅਤੇ ਸਰੀਰਕ ਉਤਕਾਂ ਦੀ ਸੁੰਦਰਤਾ ਨੂੰ ਬਣਾਈ ਰੱਖਣ ਵਿਚ ਬੇਹੱਦ ਲਾਹੇਵੰਦ ਸਾਬਿਤ ਹੁੰਦਾ ਹੈ। ਵਿਟਾਮਿਨ ਡੀ ਦੀ ਘਾਟ ਬੱਚਿਆਂ ਵਿਚ ਸੋਕੇ ਦਾ ਰੋਗ (ਜਿਸ ਵਿਚ ਬੱਚਿਆਂ ਦੀਆਂ ਹੱਡੀਆਂ ਦਾ ਟੇਢਾ ਹੋਣਾ, ਸਰੀਰਕ ਵਾਧਾ ਰਕ ਜਾਣਾ, ਰੋਗ ਰੋਕੂ ਸਮਰੱਥਾ ਦਾ ਕਮਜ਼ੋਰ ਪੈਣਾ) ਅਤੇ ਅਧਖੜ ਤੇ ਬਜ਼ੁਰਗ ਲੋਕਾਂ ਵਿਚ ਹੱਡੀਆਂ ਦਾ ਕਮਜ਼ੋਰ ਹੋ ਕੇ ਟੁੱਟਣ ਦਾ ਕਾਰਨ ਬਣਦੀਹੈ। ਇਸ ਦੀ ਘਾਟ ਦੇ ਆਮ ਲੱਛਣ ਹਨ ਸਰੀਰ ਦਾ ਥੱਕਿਆ ਮਹਿਸੂਸ ਕਰਨਾ ਅਤੇ ਲੱਤਾਂ-ਬਾਹਾਂ ਦੀਆਂ ਦਰਦਾਂ ਆਦਿ।




### ਵਿਟਾਮਿਨ ਡੀ ਦੇ ਮੁੱਖ ਸਰੋਤ

ਸੂਰਜੀ ਕਿਰਨਾਂ ਤੋਂ ਇਲਾਵਾ ਵਿਟਾਮਿਨ ਡੀ ਦੇ ਸਰੋਤ ਹਨ ਦੁੱਧ, ਦਹੀਂ, ਪਨੀਰ, ਖੁੰਬਾਂ, ਸੋਇਆ ਦੁੱਧ, ਆਂਡੇ ਦਾ ਪੀਲਾ ਭਾਗ (ਜਰਦੀ), ਸੰਤਰਾ, ਸਾਰਡੀਨ ਮੱਛੀ, ਬਰਾਊਨ ਰਾਈਸ (ਭੂਰੇ ਚਾਵਨ), ਸਾਬਤ ਕਣਕ ਦਾ ਆਟਾ ਅਤੇ ਜਵੀ, ਮੱਕੀ ਤੇ ਜੌਂ ਦਾ ਆਟਾ ਆਦਿ।

### ਵਿਟਾਮਿਨ ਡੀ ਦੀ ਭੂਮਿਕਾ

- ਇਕ ਸਾਲ ਤੱਕ ਦੇ ਬੱਚਿਆਂ ਵਿਚ ਇਹ ਹੱਡੀਆਂ ਨੂੰ ਮਜ਼ਬੂਤ ਕਰਨ ਅਤੇ ਰੋਗਾਂ ਨਾਲ ਲੜਨ ਵਿਚ ਸਹਾਇਕ ਹੁੰਦਾ ਹੈ।
- ਇਕ ਸਾਲ ਤੋਂ ਵੱਡੇ ਬੱਚਿਆਂ ਵਿਚ ਇਹ ਵਿਟਾਮਿਨ ਸਰੀਰਕ ਵਾਧੇ ਲਈ, ਦੰਦਾਂ ਤੇ ਹੱਡੀਆਂ ਨੂੰ ਮਜ਼ਬੂਤ ਕਰਨ ਅਤੇ ਦਿਮਾਗ ਦੇ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।
- ਕਿਸ਼ੋਰ ਅਵਸਥਾ ਦੇ ਲੜਕੇ-ਲੜਕੀਆਂ ਵਿਚ ਵਿਟਾਮਿਨ ਡੀ ਕੈਲਸ਼ੀਅਮ ਅਤੇ ਫਾਸਫੋਰਸ ਨੂੰ ਨੂੰ ਹਜ਼ਮ ਕਰਨ ਲਈ, ਕਸਰਤ ਕਰਨ ਵਾਸਤੇ ਪੱਠਿਆਂ ਨੂੰ ਮਜ਼ਬੂਤ ਕਰਨ, ਦਿਮਾਗੀ ਵਿਕਾਸ ਅਤੇ ਰੋਗ ਰੱਖਿਅਕ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿਚ ਲਾਹੇਵੰਦ ਹੁੰਦਾ ਹੈ।
- ਅਧਖੜ ਔਰਤਾਂ ਵਿਚ ਮਹਾਂਵਾਰੀ ਬੰਦ ਹੋਣ ਤੋਂ ਬਾਅਦ ਸਰੀਰ ਅੰਦਰ ਹੱਡੀਆਂ ਦੀ ਘਣਤਾ ਘੱਟਣ ਲੱਗਦੀ ਹੈ। ਅਜਿਹੀ ਅਵਸਥਾ ਨੂੰ ਕਾਬੂ 'ਚ ਰੱਖਣ ਲਈ ਵਿਟਾਮਿਨ ਡੀ ਅਹਿਮ ਹੁੰਦਾ ਹੈ।
- ਵਿਟਾਮਿਨ ਡੀ ਦੀ ਘਾਟ ਕਰਕੇ ਬਜ਼ੁਰਗਾਂ ਵਿਚ ਹੱਡੀਆਂ ਦਾ ਕਮਜ਼ੋਰ ਹੋਣਾ, ਯਾਦਸ਼ਤ ਦਾ ਕਮਜ਼ੋਰ ਪੈਣਾ, ਚੱਕਰ ਆਉਣਾ ਜਾਂ ਉਲਟੀ ਆਉਣਾ ਆਦਿ ਲੱਛਣ ਵੇਖਣ ਨੂੰ ਮਿਲਦੇ ਹਨ।

ਚਾਹੇ ਕਿ ਵਿਟਾਮਿਨ ਡੀ ਸਰੀਰਕ ਤੰਦਰੁਸਤੀ ਲਈ ਬੇਹੱਦ ਮਹੱਤਵਪੂਰਨ ਹੈ, ਪਰ ਆਮ ਤੌਰ 'ਤੇ ਇਹ ਸੰਤੁਲਿਤ ਖੁਰਾਕ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

# ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਗ਼ਦਰੀ...

*(ਸਫ਼ਾ 18 ਦੀ ਬਾਕੀ)*

ਅਦਾਲਤ ਇੰਟਰਪਰੇਟਰ ਮਿਸਟਰ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿੰਨ੍ਹਾਂ ਨੂੰ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਪੰਜਾਬੀ ਵਿੱਚ ਇਉਂ ਲਿਖਿਆ ਹੈ: "ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ।।। ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ।" "ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ।।।" ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ। ਆਪਣੇ ਸ਼ਬਦਾਂ 'ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ। ਨੂੰ ਨਿਊਵੈਸਟਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੰਮੀ ਜੰਗ ਦੀ ਪ੍ਰਤੀਕ ਹੈ, ਜੋ ਅੱਜ ਵੀ ਜਾਰੀ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਨਸਲਵਾਦ ਅਤੇ ਬਸਤੀਵਾਦ ਦਾ ਅੱਜ ਨਵਾਂ ਰੂਪ ਵੇਖਣ ਨੂੰ ਮਿਲ ਰਿਹਾ ਹੈ, ਅੱਜ ਹੋਰ ਵੀ ਵਧ ਖ਼ਤਰਨਾਕ ਹੈ। ਇਕ ਪਾਸੇ ਭਾਈ ਮੇਵਾ ਸਿੰਘ ਸ਼ਹੀਦ ਵਰਗੇ ਯੋਧਿਆਂ ਨੇ ਭਾਰਤ ਅੰਦਰੋਂ ਨਸਲਵਾਦ ਅਤੇ ਬਸਤੀਵਾਦੀ ਦੀ ਜੜ੍ਹ ਪੁੱਟਣ ਲਈ ਸ਼ਹੀਦੀਆਂ ਪਾਈਆਂ, ਦੂਜੇ ਪਾਸੇ ਅੱਜ ਭਾਰਤ ਅੰਦਰ ਨਵ-ਬਸਤੀਵਾਦ ਭਾਰੂ ਹੋ ਚੁੱਕਿਆ ਹੈ, ਜਿਸ ਦੀ ਜੜ੍ਹ ਪੁੱਟਣ ਲਈ ਅੱਜ ਫੇਰ ਏਕੇ ਦੀ ਲੋੜ ਹੈ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ


**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™
With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਗੁਰੂ ਜੀ

809 ਕਹਿੰਦੇ ਗੁਰੂ ਜੀ ਸਾਡੀ ਤੇ ਜਾਨ ਸਿੱਖੀ, ਜੇ ਲੈਣੀਆਂ ਹੋ ਤਿਆਰ ਮੀਆਂ।
ਆਜ਼ਾਦ ਹੋ ਜਾ ਜਾਤਾਂ-ਧਰਮਾਂ ਤੋਂ, ਹਰ ਸਖ਼ਸ਼ ਨੂੰ ਕਰੀਂ ਪਿਆਰ ਮੀਆਂ।
ਹਰ ਪਾਸੇ ਨਫ਼ਰਤਾਂ ਉਗੀਆਂ ਨੇ, ਕੁੱਲ ਹਯਾਤੀ ਕਰੀ ਬਿਮਾਰ ਮੀਆਂ।
ਹਰਚੰਦ ਸਿੰਘਾ ਸਿੱਖੀ ਦਾ ਪੰਧ ਔਖਾ, ਸੋਚ ਸਮਝ ਕੇ ਇਸ ਨੂੰ ਧਾਰ ਮੀਆਂ॥

810 ਮਾਨ ਸਿੰਘ ਨੂੰ ਗੁਰਾਂ ਨੇ ਹੁਕਮ ਕੀਤਾ, ਚਾਰ ਸਿੰਘਾਂ ਨੂੰ ਲੈ ਬੁਲਾ ਭਾਈ।
ਪੰਜੇ ਰਲਕੇ ਅੰਮ੍ਰਿਤ ਤਿਆਰ ਕਰੋ, ਨਾਲ ਪਿਆਰ ਦੇ ਦਿਉ ਛਕਾ ਭਾਈ।
"ਅਜਮੇਰ ਸਿੰਘ" ਫ਼ਕੀਰ ਨੂੰ ਨਾਮ ਦੇ ਕੇ, ਕਕਾਰ ਪੰਜੇ ਦਿਉ ਪਹਿਨਾ ਭਾਈ।
ਰਹਿਤਨਾਮੇ ਸਿੱਖੀ ਦੇ ਦੱਸ ਸਾਰੇ, ਦੇਵੋ ਇਸ ਨੂੰ ਸਿੰਘ ਸਜਾ ਭਾਈ॥

### ਫ਼ਕੀਰ ਦੀ ਮਹਿਮਾ ਹੋਣੀ

811 ਮੁਸਲਮਾਨ ਫ਼ਕੀਰ ਹੈ ਸਿੰਘ ਸਜਿਆ, ਗੱਲਾਂ ਦੂਰ ਦੁਰਾਡੇ ਹੋਣ ਬੇਲੀ।
ਕਿਸੇ ਉਸਨੂੰ ਨਹੀਂ ਮਜ਼ਬੂਰ ਕੀਤਾ, ਆਪੇ ਉਸਨੇ ਕੀਤੀ ਹੈ ਚੋਣ ਬੇਲੀ।
ਮੁਸਲਮਾਨ ਵੀ ਸੁਣ ਹੈਰਾਨ ਹੋਏ, ਸਿੰਘ ਸੁਣ ਕੇ ਮਹਿਮਾ ਗੌਣ ਬੇਲੀ।
ਹੱਕੇ ਬੱਕੇ ਹਿੰਦੂ ਹਰਚੰਦ ਸਿੰਘਾ, ਲੋਕ ਆ ਕੇ ਦਰਸ਼ਨ ਪੌਣ ਬੇਲੀ॥

### ਗੁਰੂ ਗੋਬਿੰਦ ਸਿੰਘ ਸਾਹਿਬ ਦਾ ਤਲਵੰਡੀ ਸਾਬੋ ਜਾਣਾ

### ਭਾਈ ਡੱਲੇ ਦੀ ਵਾਰਤਾ

812 ਲੱਖੀ ਜੰਗਲ ਨੂੰ ਗੁਰੂ ਜੀ ਭਾਗ ਲਾਉਂਦੇ, ਡੇਰਾ 'ਭਾਈ ਦੇ ਕੋਟ' ਜਾ ਲਾਇਆ ਏ।
ਹਜ਼ਾਰਾਂ ਸੰਗਤਾਂ ਤਾਈਂ ਪਹੁਲ ਦੇ ਕੇ, ਤਿਆਰ-ਬਰ-ਤਿਆਰ ਸਿੰਘ ਸਜਾਇਆ ਏ।
ਤਲਵੰਡੀ ਸਾਬੋ ਦੀ ਤੱਕ ਰਮਣੀਕ ਧਰਤੀ, ਨਜ਼ਾਰਾ ਗੁਰਾਂ ਨੂੰ ਬੜਾ ਹੀ ਭਾਇਆ ਏ।
ਇਸ ਸ਼ਹਿਰ ਦਾ ਮਾਲਕ ਭਾਈ ਡੱਲਾ, ਸੱਚੇ ਪਾਤਿਸ਼ਾਹ ਨੂੰ ਲੈਣ ਆਇਆ ਏ॥

### ਭਾਈ ਡੱਲਾ ਜੀ

813 ਸਤਿਗੁਰ ਜੀ ਚੱਲੋ ਸ਼ਹਿਰ ਮੇਰੇ, ਮੇਰੇ ਮਹਿਲੀਂ ਕਰੋ ਨਿਵਾਸ ਜਾ ਕੇ।
ਸੇਵਾ ਆਪਦੀ ਕਰਾਂਗਾ ਦਿਲ ਲਾ ਕੇ, ਪੂਰੀ ਕਰੋ ਮੇਰੀ ਆਸ ਜਾ ਕੇ।
ਜਿੰਨਾਂ ਸਮਾਂ ਆਪ ਦਾ ਮਨ ਮੰਨੇ, ਰਹੋ ਤੁਸੀਂ ਮੇਰੇ ਪਾਸ ਜਾ ਕੇ।
ਨੈਨ ਲੋਕਾਂ ਦੇ ਤਰਸਦੇ ਦਰਸ਼ਨਾਂ ਨੂੰ, ਬੁਝਾਉ ਦੀਦ ਦੀ ਦਾਤਾ ਪਿਆਸ ਜਾ ਕੇ॥

### ਗੁਰੂ ਜੀ

814 ਕਹਿੰਦੇ ਗੁਰੂ ਜੀ ਤਲਵੰਡੀ ਅਸਥਾਨ ਤੇਰਾ, ਅਸੀਂ ਵੇਖਾਂਗੇ ਕਦੇ ਜ਼ਰੂਰ ਭਾਈ।
ਅਸੀਂ ਸੰਤ ਮੈਦਾਨੀ ਰਹਿਣ ਵਾਲੇ, ਰਹੀਏ ਵਸਤੀਆਂ ਤੋਂ ਅਸੀਂ ਦੂਰ ਭਾਈ।
ਅਸੀਂ ਰਾਤਾਂ ਨੂੰ ਰੱਬ ਦਾ ਜਾਪ ਕਰੀਏ, ਕਾਦਰ-ਕੁਦਰਤ ਦਾ ਪੀਏ ਸਰੂਰ ਭਾਈ।
ਹਰਚੰਦ ਸਿੰਘਾ ਅਸੀਂ ਨਿਹਾਲ ਹੋਏ, ਤੇਰਾ ਨਿਊਂਦਾ ਸਾਨੂੰ ਮਨਜ਼ੂਰ ਭਾਈ॥

### ਦਮਦਮਾ ਸਾਹਿਬ ਦੀ ਸਥਾਪਨਾ

815 ਘੋੜਾ ਖੜ੍ਹ ਗਿਆ ਸਬਜ਼ ਜ਼ਮੀਨ ਉਤੇ, ਉਸ ਥਾਂ ਨੇ ਖਿੱਚਾਂ ਪਾਈਆਂ ਨੇ।
ਲਾਈਆਂ ਰੌਣਕਾਂ ਟਾਹਲੀਆਂ ਬੇਰੀਆਂ ਨੇ, ਸਤਿਗੁਰਾਂ ਨੂੰ ਡਾਢੀਆਂ ਭਾਈਆਂ ਨੇ।
ਨੌਂਵੇਂ ਪਾਤਿਸ਼ਾਹ ਇੱਥੇ ਸੀ ਚਰਨ ਪਾਏ, ਪੌਣਾਂ ਵਿਚੋਂ ਸੁਗੰਧਾਂ ਆਈਆਂ ਨੇ।
ਡੇਰਾ ਕਰਨ ਦਾ ਗੁਰੂ ਜੀ ਹੁਕਮ ਕੀਤਾ, ਉਸੇ ਥਾਂ ਤੇ ਰੌਣਕਾਂ ਲਾਈਆਂ ਨੇ॥

### ਗੁਰੂ ਜੀ

816 ਕਹਿੰਦੇ ਗੁਰੂ ਜੀ ਲਵਾਂਗੇ ਦਮ ਇੱਥੇ, ਕੁੱਝ ਸਮਾਂ ਇੱਥੇ ਬਿਤਾਵਣਾ ਏ।
ਗਰੰਥ, ਪੋਥੀਆਂ ਜੋ ਸਰਸਾ ਵਿਚ ਰਹੀਆਂ, ਅਸਾਂ ਉਨ੍ਹਾਂ ਨੂੰ ਮੁੜ ਲਿਖਾਵਣਾ ਏ।
ਜੋ ਸੰਗਤਾਂ ਸਾਨੂੰ ਭਾਲ ਰਹੀਆਂ, ਅਸਾਂ ਉਨ੍ਹਾਂ ਨੂੰ ਨਾਲ ਰਲਾਵਣਾ ਏ।
ਪ੍ਰਗਟ ਹੋਏਗਾ 'ਦਮਦਮਾ ਸਾਹਿਬ' ਇੱਥੇ, ਸੂਰਜ ਸਿੱਖੀ ਦਾ ਇੱਥੇ ਜਗਾਵਣਾ ਏ॥

### ਕਵੀਓ ਵਾਚ

817 ਮਿਹਰ ਗੁਰੂ ਦੀ ਹੋਈ ਜ਼ਮੀਨ ਉਤੇ, ਬਾਣੀ ਪੜ੍ਹੀ ਤੇ ਸ਼ਬਦ ਗਾਉਣ ਲੱਗੇ।
ਦੂਰ-ਨੇੜੇ ਖ਼ਬਰਾਂ ਹੋ ਗਈਆਂ, ਗੁਰੂ ਦਰਸ਼ਨਾਂ ਨੂੰ ਭਗਤ ਆਉਣ ਲੱਗੇ।
ਭਾਈ ਡੱਲਾ ਤੇ ਉਸਦੇ ਕਰਮਚਾਰੀ, ਸੇਵਾ ਆਪਣੀ ਸਭ ਨਿਭਾਉਣ ਲੱਗੇ।
ਹਰਚੰਦ ਸਿੰਘਾ ਜੰਗਲ ਵਿੱਚ ਮੰਗਲ ਹੋਏ, ਲੰਗਰ ਪੱਕਦੇ ਖੂਹ ਲਵਾਉਣ ਲੱਗੇ॥

818 ਪਹਿਲਾਂ ਤੰਬੂ ਤੇ ਛਾਇਆਵਾਨ ਲੱਗੇ, ਫਿਰ ਪਈਆਂ ਇਮਾਰਤਾਂ ਪੱਕੀਆਂ ਨੇ।
ਬਲ ਗੁਰਾਂ ਨੇ ਬਖਸ਼ਿਆ ਸੰਗਤਾਂ ਨੂੰ, ਕੰਮ ਕਰਦੀਆਂ ਮੂਲ ਨਾ ਥੱਕੀਆਂ ਨੇ।
ਕਿਸੇ ਚੀਜ਼ ਦੀ ਰਹੀ ਨਾ ਤੋਟ ਉਥੇ, ਆਟਾ ਪਿਸਦਾ ਚਲਦੀਆਂ ਚੱਕੀਆਂ ਨੇ।
ਹਰਚੰਦ ਸਿੰਘਾ ਪੂਰੀਆਂ ਹੋਣ ਆਸਾਂ, ਟੇਕਾਂ ਜਿਨ੍ਹਾਂ ਨੇ ਗੁਰੂ ਤੇ ਰੱਖੀਆਂ ਨੇ॥

### ਗੁਰੂ ਜੀ

819 ਆਈਆਂ ਸੰਗਤਾਂ ਤਾਈਂ ਸਾਹਿਬ ਸੱਚੇ, ਦੀਵਾਨ ਲਾ ਕੇ ਦੇਣ ਉਪਦੇਸ਼ ਭਾਈ।
ਅੰਮ੍ਰਿਤ ਵੇਲੇ ਹੋ ਸੁਚੇਤ ਪਾਣੀ, ਇਸ਼ਨਾਨ ਕਰੋ ਵਾਹ ਕੇ ਕੇਸ ਭਾਈ।
ਦਸਤਾਰ ਬੰਨ੍ਹ ਕੇ ਪੜ੍ਹੋ ਗੁਰਬਾਣੀ, ਕਰੋ ਕਿਰਤਾਂ ਬਣ ਦਰਵੇਸ਼ ਭਾਈ।
ਨਾਗਾ ਮੂਲ ਨਾ ਕਿਸੇ ਨੇ ਕਦੇ ਪਾਉਣਾ, ਹਰਚੰਦ ਸਿੰਘਾ ਕਰੋ ਹਮੇਸ਼ ਭਾਈ॥

820 ਸੁਣੋ ਸੁਲਤਾਨੀਓਂ ਸਭ ਨੂੰ ਹੁਕਮ ਸਾਡਾ, ਹੁੱਕਾ, ਚਿਲਮ, ਤਮਾਕੂੰ ਪੀਵਣਾ ਨਹੀਂ।
ਜੋ ਨਸ਼ਿਆਂ ਉਤੇ ਟੇਕ ਰੱਖੇ, ਇਹੋ ਜਿਹਾ ਜੀਵਨ ਜੀਵਣਾ ਨਹੀਂ।
ਪਤੀ-ਪਤਨੀ ਉਮਰ ਦਾ ਸਾਥ ਸੱਚਾ, ਪਰਾਈ ਇਸਤਰੀ ਵੱਲ ਤਕੀਵਣਾ ਨਹੀਂ।
ਕਬਰ, ਮੜ੍ਹੀ, ਮਸਾਨ ਜਾਂ ਮੂਰਤੀ ਨੂੰ, ਹਰਚੰਦ ਸਿੰਘਾ ਸਿਰ ਝੁਕੀਵਣਾ ਨਹੀਂ॥

821 ਮੁਸ਼ਕਲ ਅੱਤ ਜੇ ਸਾਹਮਣੇ ਆਣ ਪਏ, ਤੇਗ ਮਿਆਨ 'ਚੋਂ ਅੰਤ ਨੂੰ ਕੱਢਣੀ ਏ।
ਜ਼ੁਲਮ ਜੋ ਵੀ ਕਰੇ ਮਾੜਿਆਂ ਤੇ, ਬੇ-ਕਿਰਕ ਹੋ ਬਾਂਹ ਉਹ ਵੱਢਣੀ ਏ।
ਪਹਿਲਾਂ ਵਾਰ ਨਹੀਂ ਕਿਸੇ ਤੇ ਆਪ ਕਰਨਾ, ਝੋਲੀ ਰਹਿਮ ਦੇ ਲਈ ਨਾ ਅੱਡਣੀ ਏ।
ਹਰਚੰਦ ਸਿੰਘਾ ਜਾਨ ਜੋ ਲੈਣ ਆਏ, ਜਾਨ ਉਸਦੀ ਮੂਲ ਨਾ ਛੱਡਣੀ ਏ॥

822 ਜੋ ਲੋਕ ਨੇ ਮਰਨ ਤੋਂ ਡਰ ਜਾਂਦੇ, ਉਹੋ ਨਿੱਤ ਦਿਹਾੜੇ ਮਰਨ ਸਿੰਘੋ।
ਸਿਰ ਉਚਾ ਕਰ ਨਾ ਜੀ ਸਕਦੇ, ਸਿਰ ਹੋਰ ਦੇ ਪੈਰੀਂ ਧਰਨ ਸਿੰਘੋ।
ਕੀਲੇ ਬੱਧੇ ਪਸ਼ੂਆਂ ਵਾਂਗ ਉਹੋ, ਮਾਰਾਂ ਖਾਂ ਗੁਲਾਮੀਆ ਕਰਨ ਸਿੰਘੋ।
ਤਾਣ ਹੁੰਦਿਆਂ ਉਹ ਹਰਚੰਦ ਸਿੰਘਾ, ਜਾ ਕੇ ਚਿਲਮਾਂ ਹੋਰ ਦੀਆਂ ਭਰਨ ਸਿੰਘੋ॥

823 ਸਿਰ ਤੇ ਸਿੰਗ ਕਿਸੇ ਨਾ ਕੰਮ ਆਉਂਦੇ, ਦਿਲ ਜਿਨ੍ਹਾਂ ਦੇ ਡਰ-ਡਰਾ ਜਾਂਦੇ।
ਸ਼ੇਰ-ਕੁੱਤੇ ਦੇਖੋ ਮਿਰਗਾਂ ਨੂੰ, ਕਿਵੇਂ ਜਿਊਂਦਿਆਂ ਮਾਰ ਕੇ ਖਾ ਜਾਂਦੇ।
ਸਮਾਂ ਤਾੜ ਕੇ ਆ ਵਿਦੇਸ਼ ਵਿਚੋਂ, ਜਾਬਰ ਆਣ ਕੇ ਜ਼ੁਲਮ ਕਮਾ ਜਾਂਦੇ।
ਹਰਚੰਦ ਸਿੰਘਾ ਮੁਗਲਾਂ ਵਾਂਙ ਲੋਕੀ, ਘਟਾਵਾਂ ਬਣਕੇ ਦੇਸ਼ ਤੇ ਛਾ ਜਾਂਦੇ॥

824 ਸੱਤ ਸਦੀਆਂ ਹੋ ਗਈਆਂ ਬੁਝਿਆਂ ਨੂੰ, ਅਸਾਂ ਮੁੜਕੇ ਦੀਪ ਜਗਾਵਣੇ ਨੇ।
ਸਾਡੇ ਦੇਸ਼ ਤੇ ਜ਼ਾਲਮਾਂ ਕਰੇ ਕਬਜੇ, ਅਸੀਂ ਉਨ੍ਹਾਂ ਨੂੰ ਹੱਥ ਵਖਾਵਣੇ ਨੇ।
ਪਾਨ ਦੇ ਕੇ ਸਾਰ ਦੀਆਂ ਸੈਣੀਆਂ ਨੂੰ, ਟੱਕ ਅਸੀਂ ਗੁਲਾਮੀ ਨੂੰ ਲਾਵਣੇ ਨੇ।
ਲੋਹਾ ਲੈਣਗੇ ਵੈਰੀਆਂ ਨਾਲ ਸੂਰੇ, ਅਸੀਂ ਐਸੇ ਸਿੰਘ ਸਜਾਵਣੇ ਨੇ॥

825 ਸਮਾਂ ਆਏਗਾ ਸਿੰਘੋ ਤਿਆਰ ਰਹਿਣਾ, ਅਸੀਂ ਆਪਣਾ ਸਿੱਕਾ ਚਲਾਵਣਾ ਏ।
ਕਣੀ-ਕਣੀ ਮਿਲ ਦਰਿਆ ਬਣਨਾ, ਫਿਰ ਹੜ ਦਰਿਆ ਵਿੱਚ ਆਵਣਾ ਏ।
ਮੁਗਲ ਰਾਜ ਦੇ ਉਚੇ ਕੰਢਿਆਂ ਨੂੰ, ਨਾਲ ਜ਼ੋਰ ਦੇ ਖੋਰ ਲਜਾਵਣਾ ਏ।
ਬਾਹਾਂ ਸਾਡੀਆਂ ਵਿੱਚ ਵੀ ਬਲ ਕਿੰਨ੍ਹਾਂ, ਅਸੀਂ ਤੁਰਕਾਂ ਤਾਈਂ ਵਖਾਵਣਾ ਏ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਸਪੈਸ਼ਲ ਸੇਲ !

www.dream-carpets.com

dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੈਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ-604-781-4266 , ਈਮੇਲ – jagmandeepsingh22@gmail.com

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ-778-968-3685

dec25

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01




## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਆਦਰਸ਼



ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦਰਸ਼, ਸੰਘਰਸ਼, ਸਪਿਰਿਟ ਤੇ ਸੰਦੇਸ਼ ਦਾ ਨਿਰਪੱਖ ਅਧਿਐਨ ਤੇ ਸਰਵੇਖਣ ਕੇਵਲ ਸਿੱਖਾਂ ਜਾਂ ਪੰਜਾਬੀਆਂ ਨੂੰ ਹੀ ਨਹੀਂ, ਸਗੋਂ ਸਮੁੱਚੇ ਭਾਰਤ ਤੇ ਸਮੂਹ ਸੰਸਾਰ ਨੂੰ ਵੀ ਅਜੋਕੀ ਅਸ਼ਾਂਤ ਤੇ ਘਾਤਕ ਸਥਿਤੀ ਵਿੱਚ ਸੁਖ ਦਾ ਸਾਹ ਦੁਆਣ ਅਤੇ ਚੜ੍ਹਦੀ ਕਲਾ ਵੱਲ ਲਿਜਾਣ ਲਈ ਬੜਾ ਸਹਾਇਕ ਤੇ ਲਾਭਦਾਇਕ ਸਿੱਧ ਹੋ ਸਕਦਾ ਹੈ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਸ਼ਖਸੀਅਤ ਸੀ ਕਿ ਜਿੰਨਾ 42 ਵਰ੍ਹੇ ਦੀ ਅਲਪ ਅਵਸਥਾ ਵਿੱਚ ਕੌਮ, ਦੇਸ਼ ਤੇ ਮਨੁੱਖਤਾ ਦੀ ਦਰਵੱਟੜੀ ਉੱਤੇ, ਸਹਿਤ ਪਰਿਵਾਰ , ਨਿਛਾਵਰ ਵੀ ਹੋ ਗਏ ਸਨ।

ਇਹ ਇਸ ਲਈ ਵੀ ਕਿ ਗੁਰੂ ਗੋਬਿੰਦ ਸਿੰਘ, ਖੁਦ ਆਪ ਅਜਿਹੇ ਦ੍ਰਿੜ ਨਿਸਚੇ, ਨਿਰਭੈਤਾ ਤੇ ਚੜਦੀ ਕਲਾ ਦੇ ਪੁੰਜ ਸਨ : ਅਜਿਹੇ ਅਨੂਠੇ ਸਵੈਮਾਣ, ਸਵੈ ਵਿਸ਼ਵਾਸ ਤੇ ਸਵੈ ਸਮਰਪਣ ਦੇ ਮੁਜੱਸਮਾ ਸਨ, ਜਿੰਨਾ ਦਾ ਮੁਕਾਬਲਾ ਸਿਰਫ ਉਦੋਕੀ ਸਥਿਤੀ ਲਈ ਹੀ ਨਹੀਂ, ਸਗੋਂ ਅਜੋਕੀ ਤੇ ਅਗੋਕੀ ਸਥਿਤੀ ਲਈ ਵੀ ਕਿਸੇ ਪੱਖੋਂ ਵੀ ਘੱਟ ਲੁੜੀਂਦਾ, ਲਾਭਦਾਇਕ ਤੇ ਪ੍ਰੇਰਣਾਜਨਕ ਨਹੀਂ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਅਤੇ ਉਸ ਦੀ ਹਰ ਗੱਲ, ਹਰ ਕਿਰਿਆ, ਹਰ ਕਰਤਵ ਹੀ ਉਸ ਉੱਤਮ ਤੇ ਉੱਚਤਮ ਦਰਜੇ ਦੀ ਚੜ੍ਹਦੀ ਕਲਾ ਦਾ ਸਾਕਾਰ ਰੂਪ ਸੀ।

ਉਹ ਜਿੱਥੇ ਸਹਿਜ ਤੇ ਸੱਚਾਈ ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ, ਉੱਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਦੇ ਤਲਵਾਰ ਦੇ ਧਨੀ ਵੀ ਸਨ। 'ਤੇਗ -ਫਤਹਿ ਉਨ੍ਹਾਂ ਦਾ ਨਾਅਰਾ ਅਤੇ 'ਸਤਿ ਸ਼੍ਰੀ ਅਕਾਲ' ਜੈਕਾਰਾ ਸੀ। ਹੱਥ ਉੱਤੇ ਬਾਜ਼ ਅਤੇ ਸੀਸ ਉੱਤੇ ਕਲਗੀ ਸਜਾਉਣ ਕਰਕੇ ਕੋਈ ਉਨ੍ਹਾਂ ਨੂੰ 'ਬਾਜਾਂ ਵਾਲੇ' ਤੇ ਕੋਈ 'ਕਲਗੀਆਂ ਵਾਲੇ' ਗੁਰੂ ਆਖਣ ਵਿੱਚ ਮਾਣ ਤੇ ਖੁਸ਼ੀ ਮਹਿਸੂਸ ਕਰਦਾ ਹੈ । ਪਰ ਅਸੀਂ ਤਾਂ ਉਨ੍ਹਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ ਖਾਸ ਤੌਰ ਤੇ ਚੜ੍ਹਦੀ ਕਲਾ ਵਾਲੇ ਗੁਰੂ ਕਹਿਣ ਤੇ ਮੰਨਣ ਵਿੱਚ ਹੀ ਉਨ੍ਹਾਂ ਦੀ ਉਤਮ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ।

ਮਨੁੱਖੀ ਜਾਮੇ ਵਿੱਚ ਕੁਦਰਤ ਦੀਆਂ ਜਿੰਨੀਆਂ ਅਪੂਰਬ ਤੇ ਭਰਪੂਰ ਬਖਸ਼ਿਸ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈਆਂ ਸਨ, ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਪਰਸੁਆਰਥ ਤੇ ਖੁਲ੍ਹਦਿਲੀ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਲੋਕਾਂ ਵਿੱਚ ਵੰਡਿਆ ਤੇ ਉਨ੍ਹਾਂ ਲਈ ਵਰਤਿਆ ਸੀ, ਉਸ ਦਾ ਸੁਭਾਗ ਵੀ, ਮੈਨੂੰ ਨਹੀਂ ਲੱਗਦਾ ਕਿਸੇ ਵਿਰਲੇ ਨੂੰ ਹੀ ਹਾਸਲ ਹੋਇਆ ਹੋਵੇਗਾ।

ਇਉਂ ਹੀ, ਸੰਖੇਪ ਜਿਹੀ ਜੀਵਨ ਯਾਤਰਾ ਦੌਰਾਨ ਜਿੰਨੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਨੇ ਆਪ ਨੂੰ ਘੇਰੀ ਰੱਖਿਆ ਸੀ, ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਜਿਸ ਸਬਰ, ਸਿਦਕ ਅਤੇ ਸੂਰਬੀਰਤਾ ਤੇ ਸੁਆਰਥਹੀਨਤਾ ਨਾਲ ਆਪ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ ਸੀ। ਮਾਪਿਆਂ ਦੀ ਪਵਿੱਤਰ ਧਰਤੀ ਅਨੰਦਪੁਰ ਵਿੱਚ ਪਾਰ ਧਰਦਿਆਂ ਹੀ ਸਮੇਂ ਦੀ ਪੁਕਾਰ ਨੇ ਬਾਲ ਵਰੇਸ ਵਿੱਚ ਹੀ ਵਿਚਰਦੇ ਇਸ ਇੱਕਲੌਤੇ ਪੁੱਤਰ ਨੂੰ ਆਪਣੇ ਗੁਰੂ ਪਿਤਾ ਦਾ ਬਲੀਦਾਨ ਦੇਣ ਲਈ ਇੱਕ ਬੜੀ ਭਿਆਨਕ ਤੇ

**ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ ਸਤ ਹੀਣ ਹਾਲਾਤ ਵਿੱਚ ਲੱਗਭੱਗ ਨੌ ਵਰ੍ਹੇ ਦੇ ਬਾਲ, ਗੋਬਿੰਦ ਦਾਸ ਜੀ, ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੱਦੀ ਅਤੇ ਉਸ ਦੀ ਬੜੀ ਭਾਰੀ ਜਿੰਮੇਵਾਰੀ ਸੰਭਾਲਣੀ ਪੈ ਗਈ ਸੀ। ਇਹ ਜਿਸ ਸਮੇਂ ਵਿਚੋਂ ਅਸੀ ਹੁਣ ਨਿਕਲ ਰਹੇ ਹਾਂ ਇਹ ਸ਼ਹਾਦਤਾਂ ਦੇ ਦਿਨ ਸਨ। ਪਿਤਾ ਦੇ ਬਲਿਦਾਨ ਉਪਰੰਤ, ਪਰਿਵਾਰ ਵਿਛੋੜਾ, ਵੱਡੇ ਪੁੱਤਰਾਂ ਦੀਆਂ ਸ਼ਹਾਦਤ, ਛੋਟੇ ਫਰਜੰਦਾਂ ਦੀ ਨੀਹਾਂ ਵਿੱਚ ਚਿਣਨਾ , ਮਾਤਾ ਗੁਜ਼ਰ ਕੌਰ ਦਾ ਠੰਡੇ ਬੁਰਜ ਦੀ ਸੀਤ ਸਹਿਣੀ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ ਅਤੇ ਟਿੰਡ ਦਾ ਸਹਾਰਾ ਕੋਈ ਕਹਿਣ ਸੁਣਨ ਦੀਆਂ ਗੱਲਾਂ ਨਹੀਂ ਬਲਕਿ ਹੰਡਈਆਂ ਹੋਈਆਂ ਦਾਸਤਾਨਾਂ ਨੇ।**

ਹਿਰਦਾਵੇਦਕ ਵੰਗਾਰ ਪਾਪ ਸੀ । ਇਹ ਉਹ ਭਿੰਅਕਰ ਸਮਾਂ ਸੀ ਜਦੋਂ ਮੁਗਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ ਕਰਮ ਅਤੇ ਭਾਰਤੀ ਸੱਭਿਆਚਾਰ ਦਾ ਮਲੀਆਮੇਟ ਕਰ ਰਿਹਾ ਸੀ।

ਸੋ ਗੁਰੂ ਤੇਗ ਬਹਾਦੁਰ ਸਮੁੱਚੇ ਹਿੰਦ ਦੀ ਪੱਤ ਪਰਤੀਤ ਅਤੇ ਸੱਭਿਆਚਾਰ ਦੀ ਰਾਖੀ ਲਈ, ਧਰਮ ਕਰਮ ਦੀ ਅਜ਼ਾਦੀ ਅਤੇ ਮਾਨਵੀ ਹੱਕਾਂ ਦੀ ਬਰਕਰਾਰੀ ਲਈ ਬੜੀ ਦਲੇਰੀ ਤੇ ਦ੍ਰਿੜਤਾ ਨਾਲ, ਸਿਰ ਤਲੀ ਉੱਤੇ ਰੱਖ ਕੇ ਤੁਰ ਪਏ ਸਨ।

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ ਸਤ ਹੀਣ ਹਾਲਾਤ ਵਿੱਚ ਲੱਗਭੱਗ ਨੌਂ ਵਰ੍ਹੇ ਦੇ ਬਾਲ, ਗੋਬਿੰਦ ਦਾਸ ਜੀ, ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੱਦੀ ਅਤੇ ਉਸ ਦੀ ਬੜੀ ਭਾਰੀ ਜਿੰਮੇਵਾਰੀ ਸੰਭਾਲਣੀ ਪੈ ਗਈ ਸੀ। ਇਹ ਜਿਸ ਸਮੇਂ ਵਿਚੋਂ ਅਸੀ ਹੁਣ ਨਿਕਲ ਰਹੇ ਹਾਂ ਇਹ ਸ਼ਹਾਦਤਾਂ ਦੇ ਦਿਨ ਸਨ। ਪਿਤਾ ਦੇ ਬਲਿਦਾਨ ਉਪਰੰਤ, ਪਰਿਵਾਰ ਵਿਛੋੜਾ, ਵੱਡੇ ਪੁੱਤਰਾਂ ਦੀਆਂ ਸ਼ਹਾਦਤ, ਛੋਟੇ ਫਰਜੰਦਾਂ ਦੀ ਨੀਹਾਂ ਵਿੱਚ ਚਿਣਨਾ , ਮਾਤਾ ਗੁਜ਼ਰ ਕੌਰ ਦਾ ਠੰਡੇ ਬੁਰਜ ਦੀ ਸੀਤ ਸਹਿਣੀ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ ਅਤੇ ਟਿੰਡ ਦਾ ਸਹਾਰਾ ਕੋਈ ਕਹਿਣ ਸੁਣਨ ਦੀਆਂ ਗੱਲਾਂ ਨਹੀਂ ਬਲਕਿ ਹੰਡਈਆਂ ਹੋਈਆਂ ਦਾਸਤਾਨਾਂ ਨੇ।

ਇਤਿਹਾਸ ਇਸ ਅਸਲੀਅਤ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਉਮਰ ਬੱਸ ਅਨੂਠੇ ਆਦਰਸ਼ ਦੀ ਪੈਰਵੀ ਕਰਦਿਆਂ ਉਸੇ ਵਿਲੱਖਣ ਸਿਧਾਂਤ ਉੱਤੇ ਪਹਿਰਾ ਦਿੰਦਿਆਂ, ਚੜ੍ਹਦੀ ਕਲਾ ਪੂਰਤੀ ਉਸੇ ਸੰਦੇਸ਼ ਨੂੰ ਪ੍ਰਸਾਰਦਿਆਂ ਅਤੇ ਉਨ੍ਹਾਂ ਮੁਤਾਬਿਕ ਹੀ ਧਰਮ ਨਿਆਂ, ਦੇਸ਼ ਕੌਮ ਤੇ ਸਮੂਹ ਮਨੁੱਖਤਾ ਦੇ ਹਿਤਾਂ ਹੱਕਾਂ ਲਈ ਨਿਸ਼ਕਾਮ ਤੇ ਨਿਰੰਤਰ ਸੰਘਰਸ਼ ਕਰਦਿਆਂ ਗੁਜ਼ਾਰ ਦਿੱਤੀ ਸੀ। ਗੁਰੂ ਸਾਹਿਬ ਨੇ ਅੰਤਮ ਸੁਆਸਾਂ ਤੱਕ ਅਜਿਹੀ ਅਦੁੱਤੀ ਚੜ੍ਹਦੀ ਕਲਾ ਵਿੱਚ ਵਿਚਰਦੇ ਅਤੇ ਵਿਗਸਦੇ ਰਹੇ ਸਨ ਜੋ ਕੇਵਲ ਉਦੋਂ ਦੇ ਤੇ ਹੁਣ ਦੇ ਹੀ ਨਹੀਂ ਸਗੋਂ ਆਉਂਦੇ ਸਮਿਆਂ ਦੇ ਮਨੁੱਖ ਨੂੰ ਵੀ ਉਵੇਂ ਹੀ ਪ੍ਰੇਰਦੀ , ਉਤਸ਼ਾਹਿਤ ਕਰਦੀ ਅਤੇ ਵਿਗਸਾਉਂਦੀ ਰਹੇਗੀ।

**ਹਰਕੀਰਤ ਕੌਰ**
97 79118066

**METRO CONTRACTING LTD.**

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




**Residential & Commercial**

**Gurvinder Sanghera: 604-729-1435**
Email: gsanghera77@gmail.com

# .ਫਤਿਹ ਦੇ ਅਟੁੱਟ ਜਜ਼ਬੇ ਦੀ ਉਦਾਹਰਣ ਹੈ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ

**ਡਾ: ਰਾਜਵਿੰਦਰ ਸਿੰਘ**



ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਅਟੁੱਟ ਜਜ਼ਬੇ ਦੀ ਉਦਾਹਰਣ ਹੈ। ਇੱਥੋਂ ਦੀ ਜੰਗ ਦੁਨੀਆ ਦੇ ਇਤਿਹਾਸ ਵਿਚ ਸਮੂਹਿਕ ਸ਼ਹਾਦਤ, ਅਸਾਵੀਂ ਟੱਕਰ ਅਤੇ ਜਿੱਤ ਦੇ ਦਿ੍ੜ੍ਹ ਸੰਕਲਪ ਦੀ ਅਦੁੱਤੀ ਮਿਸਾਲ ਹੈ। ਇਸ ਜੰਗ ਵਿਚ ਮੁੱਠੀ-ਭਰ ਸਿੰਘਾਂ ਨੇ 500 ਸਾਲ ਪੁਰਾਣੇ ਸਾਮਰਾਜ ਦੇ ਭਾਰੀ ਗਿਣਤੀ ਵਿਚ ਮੁਲਖਈਏ ਦਾ ਰਾਹ ਰੋਕ ਲਿਆ ਅਤੇ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਣ ਦਿੱਤਾ। ਅਨੰਦਗੜ੍ਹ ਦਾ ਕਿਲ੍ਹਾ ਛੱਡਣ ਤੋਂ ਤੁਰੰਤ ਬਾਅਦ ਮੁਗ਼ਲਾਂ ਅਤੇ 22 ਧਾਰ ਦੇ ਰਾਜਿਆਂ ਨੇ ਆਪਣੀਆਂ ਕਸਮਾਂ ਅਤੇ ਇਕਰਾਰ ਤੋੜ ਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਸਿੰਘਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਸਰਸਾ ਨਦੀ ਵਿਚ ਮੁਠਭੇੜ ਤੋਂ ਬਾਅਦ ਚਮਕੌਰ ਦੀ ਜੰਗ ਉਪਰੰਤ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਤਮ ਕਰਨ ਲਈ ਮਾਲਵੇ ਵੱਲ .ਫੌਜ ਲੈ ਕੇ ਚੜ੍ਹਾਈ ਕੀਤੀ। ਖਿਦਰਾਣੇ ਦੀ ਢਾਬ ਕੋਲ ਪੱਛਮੀ ਪਾਸੇ ਗੁਰੂ ਜੀ ਨੇ ਇਸ .ਫੌਜ ਨਾਲ ਯੁੱਧ ਕਰਨ ਦੀ ਯੋਜਨਾ ਬਣਾਈ ਸੀ। ਮਾਝੇ ਤੋਂ ਆਏ ਸਿੰਘਾਂ ਦਾ ਜਥਾ ਵੀ ਇਧਰ ਹੀ ਆਇਆ ਹੋਇਆ ਸੀ। ਇਸ ਜਥੇ ਨੇ ਜਦੋਂ ਸ਼ਾਹੀ ਲਸ਼ਕਰ ਵੇਖਿਆ ਤਾਂ ਢਾਬ ਦੇ ਪੂਰਬੀ ਪਾਸੇ ਮੋਰਚੇ ਲਾ ਲਏ। ਜਿਸ ਯੁੱਧ ਵਿਚ 40 ਦੇ ਕਰੀਬ ਸਿੰਘ ਸਾਰੇ ਹੀ ਸ਼ਹੀਦ ਹੋ ਗਏ ਪਰ ਉਨ੍ਹਾਂ ਨੇ ਸ਼ਾਹੀ .ਫੌਜ ਨੂੰ ਦਮੋਂ ਕੱਢ ਦਿੱਤਾ। ਸ਼ਾਹੀ ਫੌਜ ਦੋ ਕਿਲੋਮੀਟਰ ਵੀ ਅੱਗੇ ਵਧ ਕੇ ਗੁਰੂ ਸਾਹਿਬ ਦੇ ਸਾਹਮਣੇ ਨਾ ਹੋ ਸਕੀ। ਸਿੰਘਾਂ ਦੇ ਇਕ ਛੋਟੇ ਜਿਹੇ ਜਥੇ ਨੇ ਸ਼ਾਹੀ .ਫੌਜ ਦਾ ਹਮਲਾ ਨਾਕਾਮ ਕਰ ਦਿੱਤਾ ਸੀ। ਸੂਰਬੀਰਤਾ ਦੀ ਇਹ ਅਦੁੱਤੀ ਮਿਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਆਦਰਸ਼ਾਂ ਅਤੇ ਅਮਲੀ ਪ੍ਰੇਰਨਾ ਦਾ ਸਿੱਟਾ ਸੀ। ਅਕਾਲ ਪੁਰਖ ਦੇ ਹੁਕਮਾਂ ਦੀ ਪਾਲਣਾ ਦੇ ਉਦੇਸ਼ ਲਈ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ। ਸਿੱਖੀ ਦੇ ਮਾਰਗ 'ਤੇ ਚੱਲਣ ਲਈ ਸਿਰ ਤਲੀ ਧਰਨ ਦੀ ਅਤੇ ਕਿਸੇ ਕਿਸਮ ਦੀ ਕੋਈ ਝਿਜਕ ਨਾ ਰੱਖਣ ਦੀ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੋ ਆਦਰਸ਼ ਖਾਲਸੇ ਦੇ ਸਾਹਮਣੇ ਰੱਖਿਆ ਸੀ। ਸ਼ਹਾਦਤ ਇਸ ਅੰਦਰਲੀ ਕਿਰਿਆ ਦਾ ਬਾਹਰੀ ਰੂਪ ਹੀ ਹੁੰਦਾ ਹੈ। ਆਤਮ ਬਲੀਦਾਨ ਦੀ ਭਾਵਨਾ ਸਿੱਖੀ ਦੀ ਹੀ ਦੇਣ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਤਮ ਬਲੀਦਾਨ ਦੇ ਕੇ ਇਸ ਪ੍ਰਥਾ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੇ ਨਕਸ਼-ਏ-ਕਦਮਾਂ 'ਤੇ ਚਲਦੇ ਹੋਏ ਅਣਗਿਣਤ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਤੇ ਆਪਣੇ ਖ਼ੂਨ ਨਾਲ ਇਸ ਧਰਤੀ ਤੋਂ ਜ਼ੁਲਮ ਤੇ ਪਾਪ ਨੂੰ ਸਾ.ਫ ਕੀਤਾ। ਗੁਰੂ ਸਾਹਿਬ ਜੀ ਦੇ ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ 'ਤੇ ਸ਼ਹੀਦ ਹੋਣ ਵਾਲੇ ਸਿੰਘਾਂ ਨੇ ਬਹੁਤ ਮਹਾਨ ਕਾਰਜ ਕੀਤਾ ਸੀ। ਇਹ ਸਿੱਖ ਭਾਵੇਂ ਕਿਸੇ ਵੇਲੇ ਗੁਰੂ ਜੀ ਕੋਲੋਂ ਚਲੇ ਗਏ ਅਤੇ ਲਿਖ ਕੇ ਬੇਦਾਵਾ ਦੇ ਗਏ ਸਨ। ਜਦੋਂ ਮੁੜ ਉਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਭੇਟ ਕਰ ਦਿੱਤਾ, ਤਦ ਗੁਰੂ ਸਾਹਿਬ ਦੇ ਦਿਲ ਵਿਚ ਉਨ੍ਹਾਂ ਲਈ ਅਥਾਹ ਪਿਆਰ ਜਾਗ ਉਠਿਆ। ਉਹ ਜੰਗ ਦੀ ਥਾਂ 'ਤੇ ਆਏ ਅਤੇ ਇਕ-ਇਕ ਸਿੰਘ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ। ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ, ਇਕੋ ਜਥੇਦਾਰ ਭਾਈ ਮਹਾਂ ਸਿੰਘ ਅਜੇ ਸਹਿਕ ਰਿਹਾ ਸੀ। ਗੁਰੂ ਸਾਹਿਬ ਨੇ ਜਦੋਂ ਭਾਈ ਮਹਾਂ ਸਿੰਘ ਦਾ ਸਿਰ ਗੋਦ ਵਿਚ ਲਿਆ ਤਾਂ ਕੁਝ ਮੰਗਣ ਲਈ ਕਿਹਾ। ਭਾਈ ਮਹਾਂ ਸਿੰਘ ਨੂੰ ਗੁਰੂ ਜੀ ਦਾ ਦਰਸ਼ਨ ਹੋ ਚੁੱਕਾ ਸੀ। ਉਸ ਨੇ ਹੋਰ ਕੀ ਮੰਗਣਾ ਸੀ। ਉਸ ਨੇ ਗੁਰੂ ਸਾਹਿਬ ਨੂੰ ਬੇਦਾਵਾ ਪਾੜ ਦੇਣ ਦੀ ਬੇਨਤੀ ਕੀਤੀ। ਸਿੱਖ ਲਈ ਗੁਰੂ ਦੀ ਕਿਰਪਾ ਪ੍ਰਸੰਨਤਾ ਬਹੁਤ ਵੱਡੀ ਦੌਲਤ ਹੈ, ਜੋ ਸਿਰ ਦੇ ਕੇ ਵੀ ਮਿਲਦੀ ਹੋਵੇ ਤਾਂ ਮਹਿੰਗੀ ਨਹੀਂ ਹੈ ਜਿਵੇਂ ਕਿ ਮਹਾਂ ਵਾਕ ਹੈ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ (ਪੰਨਾ 1094)

ਗੁਰਮਤਿ ਅਨੁਸਾਰ ਸਤਿਗੁਰੂ ਜਿੱਡਾ ਦਾਤਾ ਕੋਈ ਨਹੀਂ ਜੋ ਮਨੁੱਖ ਨੂੰ ਜੀਅ ਦਾਨ ਤੇ ਨਾਮ ਧਨ ਨਾਲ ਮਾਲਾ ਮਾਲ ਕਰ ਸਕਦਾ ਹੈ। ਸਤਿਗੁਰੂ ਦੀ ਸੇਵਾ ਸਿੱਖ ਇਸੇ ਲਈ ਕਰਦਾ ਹੈ ਕਿ ਉਹ ਇਸ ਕੂੜੇ ਤੇ ਝੂਠ ਦੇ ਸੰਸਾਰ ਵਿਚੋਂ ਨਿਕਲ ਕੇ ਸੱਚ ਦਾ ਰੂਪ ਹੋ ਸਕੇ। ਜਦੋਂ ਸਿੱਖ ਨਾਮ ਸਿਮਰਨ ਤੇ ਸੇਵਾ ਕਰਕੇ ਆਪਣੀ ਹਉਮੈ ਖੋ ਦਿੰਦਾ ਹੈ ਤੇ ਗੁਰੂ-ਚਰਨਾਂ ਵਿਚ ਆਪਣਾ ਆਪ ਨਿਛਾਵਰ ਕਰ ਦਿੰਦਾ ਹੈ ਤਾਂ ਉਸ ਦਾ ਸਾਧਨਾ ਪੱਖ ਮੁਕੰਮਲ ਹੋ ਜਾਂਦਾ ਹੈ। ਇਸ ਤੋਂ ਅੱਗੇ ਗੁਰੂ ਦਾ ਕਾਰਜ ਹੀ ਰਹਿ ਜਾਂਦਾ ਹੈ ਕਿ ਉਨ੍ਹਾਂ 'ਤੇ ਨਦਰਿ ਕਰਮਿ ਕਰਕੇ ਸੱਚ ਮੰਡਲ ਦੇ ਅਧਿਕਾਰੀ ਬਣਾ ਦੇਵੇ। ਇਹ ਸਿੱਖ ਚਾਹੁੰਦੇ ਤਾਂ ਜੰਗ ਤੋਂ ਡਰਦੇ ਕਿਧਰੇ ਪਾਸੇ ਵੀ ਹੋ ਸਕਦੇ ਸੀ। ਇਨ੍ਹਾਂ ਨੂੰ ਕਿਸੇ ਮਜਬੂਰੀ ਵੱਸ ਜੰਗ ਨਹੀਂ ਸੀ ਲੜਨਾ ਪਿਆ। ਇਨ੍ਹਾਂ ਨੇ ਗੁਰੂ ਦੀ ਸੇਵਾ ਵਿਚ ਧਰਮ ਦੇ ਕਾਰਜ ਲਈ ਆਪਣੀ ਮਰਜ਼ੀ ਨਾਲ ਸ਼ਹੀਦੀ ਦਿੱਤੀ ਸੀ। ਇਹ ਸਿੱਖ ਸਿੱਖੀ ਦੀ ਪ੍ਰੀਖਿਆ ਵਿਚ ਪੂਰੀ ਤਰ੍ਹਾਂ ਪਾਸ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਮੁਕਤੀ ਪ੍ਰਦਾਨ ਕੀਤੀ ਅਤੇ ਅਮਰ ਪਦਵੀ ਬਖ਼ਸ਼ੀ। ਇਨ੍ਹਾਂ ਦੇ ਮੁਕਤਿ ਪਦਵੀ ਪ੍ਰਾਪਤ ਕਰਨ ਕਰਕੇ ਇਹ ਥਾਂ ਬਹੁਤ ਪਵਿੱਤਰ ਹੋ ਚੁੱਕੀ ਸੀ। ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਭਾਰੀ ਇਤਿਹਾਸਕ ਅਤੇ ਅਧਿਆਤਮਕ ਮਹੱਤਵ ਹੈ। ਇਨ੍ਹਾਂ 40 ਮੁਕਤਿਆਂ ਦੀ ਯਾਦ ਸਿੱਖੀ ਸਿਦਕ ਦੀ ਪ੍ਰੇਰਨਾ ਦਾ ਅਥਾਹ ਸੋਮਾ ਹੈ। ਇਸ ਅਸਥਾਨ ਦੀ ਛੋਹ ਪਾ ਕੇ ਮਾਇਆ ਦੇ ਬੰਧਨ ਟੁੱਟਦੇ ਹਨ ਅਤੇ ਤਨ, ਮਨ ਨਿਰਮਲ ਹੁੰਦਾ ਹੈ। ਇਸਤਰੀ ਜਾਤੀ ਦਾ ਗੁਰਮਤਿ ਵਿਚ ਬਹੁਤ ਸਤਿਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਮੰਦਾ ਸਮਝਣ ਦੀ ਮਨਾਹੀ ਕੀਤੀ ਹੈ ਤੇ ਇਸ ਨੂੰ ਰਾਜਿਆਂ ਦੀ ਜਨਨੀ ਆਖ ਕੇ ਵਡਿਆਈ ਦਿੱਤੀ ਹੈ। ਸਿੱਖ ਧਰਮ ਵਿਚ ਇਸਤਰੀ ਤੇ ਮਰਦ ਦਾ ਇਕੋ ਜਿਹਾ ਦਰਜਾ ਹੈ। ਪਰੰਪਰਾਗਤ ਭਾਰਤੀ ਦਰਸ਼ਨ ਵਿਚ ਇਸਤਰੀ ਨੂੰ ਬਰਾਬਰੀ ਦਾ ਹੱਕ ਨਹੀਂ ਸੀ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਅਤੇ ਖਾਲਸੇ ਦੀ ਜਥੇਬੰਦੀ ਵਿਚ ਇਸਤਰੀਆਂ ਦਾ ਸਨਮਾਨ ਕੀਤਾ ਹੈ। ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦੀ ਉਪਾਧੀ ਦਿੱਤੀ। ਸ੍ਰੀ ਮੁਕਤਸਰ ਸਾਹਿਬ ਵਿਖੇ ਸਿੰਘਾਂ ਨੂੰ ਪ੍ਰੇਰ ਕੇ ਲਿਆਉਣ ਵਾਲੀ ਵੀ ਇਕ ਇਸਤਰੀ ਸੀ ਮਾਤਾ ਭਾਗੋ ਜੀ। ਮਾਤਾ ਜੀ ਨੂੰ ਜਦੋਂ ਸਿੰਘਾਂ ਦੇ ਬੇਦਾਵਾ ਲਿਖ ਕੇ ਚਲੇ ਆਉਣ ਦਾ ਪਤਾ ਲੱਗਿਆ ਤਾਂ ਆਪ ਨੇ ਉਨ੍ਹਾਂ ਨੂੰ ਸੋਝੀ ਦਿੱਤੀ ਕਿ ਇਸ ਲੋਕ-ਪ੍ਰਲੋਕ ਵਿਚ ਗੁਰੂ ਬਿਨਾਂ ਕੋਈ ਸਹਾਰਾ ਨਹੀਂ। ਇਹ ਸਰੀਰ ਤਾਂ ਬਿਨਸਨਹਾਰ ਹੈ, ਇਸ ਨੂੰ ਕਿੰਨਾ ਕੁ ਚਿਰ ਬਚਾਉਂਦੇ ਫਿਰੋਗੇ। ਮਾਤਾ ਭਾਗੋ ਜੀ ਸਿੰਘਾਂ ਨੂੰ ਗੁਰੂ ਦੇ ਸਨਮੁੱਖ ਕਰਨ ਲਈ ਲੈ ਕੇ ਆਏ ਸਨ। ਮਾਤਾ ਜੀ ਜੰਗ ਵਿਚ ਸਿੰਘਾਂ ਦੇ ਨਾਲ ਹੀ ਰਹੇ ਤੇ ਮਰਦਾਵੇਂ ਭੇਸ ਵਿਚ ਵੈਰੀ ਨਾਲ ਯੁੱਧ ਵਿਚ ਹਿੱਸਾ ਲਿਆ। ਬਾਅਦ ਵਿਚ ਆਪ ਸਦਾ ਲਈ ਗੁਰੂ ਸੇਵਾ ਵਿਚ ਹੀ ਰਹੇ ਤੇ ਦੱਖਣ ਵੱਲ ਗੁਰੂ ਜੀ ਦੇ ਨਾਲ ਗਏ। ਗੁਰੂ ਜੀ ਤੋਂ ਪਿੱਛੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਸਿੱਖੀ ਪ੍ਰਚਾਰ ਕਰਦੇ ਰਹੇ। ਮਾਤਾ ਭਾਗੋ ਜੀ ਦਾ ਇਹ ਕਿਰਦਾਰ ਭਾਰਤੀ ਸੰਸਕ੍ਰਿਤੀ ਦੇ ਉਲਟ ਇਕ ਬਹੁਤ ਵੱਡੀ ਕ੍ਰਾਂਤੀ ਦਾ ਸਿਖਰ ਸੀ। ਇਸਤਰੀ ਨੂੰ ਉਸ ਵੇਲੇ ਨਿਰਬਲ ਜਾਣ ਕੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਗੁਰਮਤਿ ਦੇ ਪ੍ਰਚਾਰ ਨੇ ਇਸਤਰੀ ਨੂੰ

(ਬਾਕੀ ਸਫ਼ਾ 26 'ਤੇ)

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.





Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਮੈਂ .ਗਲਤੀ ਹੋਣ 'ਤੇ ਪਾਗਲ ਹੋ ਜਾਂਦੀ ਸੀ-ਸਾਨਿਆ ਮਲਹੋਤਰਾ

ਮੁੰਬਈ-ਪੰਜ ਸਾਲਾਂ ਦੇ ਅਰਸੇ ਦੌਰਾਨ ਅਦਾਕਾਰਾ ਸਾਨਿਆ ਮਲਹੋਤਰਾ ਨੇ ਇੱਕ ਤੋਂ ਬਾਅਦ ਇੱਕ ਹਿੱਟ ਫਿਲਮਾਂ ਦਿੱਤੀਆਂ ਹਨ



ਪਰ ਉਸ ਨੇ ਕਦੇ ਆਪਣੀ ਸਫ਼ਲਤਾ ਦੇ ਜਸ਼ਨ ਨਹੀਂ ਮਨਾਏ। ਸਾਨਿਆ ਨੇ ਸਾਲ 2016 ਵਿੱਚ ਫਿਲਮ 'ਦੰਗਲ ਨਾਲ ਬਬੀਤਾ ਕੁਮਾਰੀ ਦੇ ਕਿਰਦਾਰ ਜ਼ਰੀਏ ਫਿਲਮੀ ਦੁਨੀਆ ਚ ਕਦਮ ਰੱਖਿਆ। ਇਸ ਮਗਰੋਂ ਉਸ ਨੇ ਵਿਸ਼ਾਲ ਭਾਰਦਵਾਜ ਦੀ 'ਪਟਾਖਾ ਵਿੱਚ ਝਗੜਾਲੂ ਭੈਣ ਦਾ ਕਿਰਦਾਰ ਨਿਭਾਇਆ, ਫਿਰ ਉਸ ਨੇ 'ਬਧਾਈ ਹੋ ਅਤੇ ਰਿਤੇਸ਼ ਬੱਤਰਾ ਦੀ 'ਫੋਟੋਗ੍ਰਾਫ ਵਿੱਚ ਵੀ ਦਮਦਾਰ ਪੇਸ਼ਕਾਰੀ ਦਿੱਤੀ। ਸਾਨਿਆ ਨੇ ਕਿਹਾ, "ਅਦਾਕਾਰ ਵਜੋਂ ਪਹਿਲਾਂ ਮੈਂ ਖੁਦ ਤੇ ਬਹੁਤ ਸਖ਼ਤ ਸੀ। ਮੈਂ ਗ਼ਲਤੀ ਹੋਣ ਤੇ ਪਾਗਲ ਹੋ ਜਾਂਦੀ ਸੀ, ਜਿਸ ਕਾਰਨ ਮੈਨੂੰ ਕੁਝ ਸਮਝ ਨਹੀਂ ਆਉਂਦਾ ਸੀ। ਮੈਂ ਖੁਦ ਤੇ ਸਖਤ ਇਸ ਲਈ ਸੀ ਕਿਉਂਕਿ ਸ਼ਾਇਦ ਮੈਂ ਇੰਡਸਟਰੀ ਬਾਰੇ ਕੁਝ ਸਿੱਖਣ ਦੀ ਕੋਸ਼ਿਸ਼ ਕਰ ਰਹੀ ਸੀ। ਇੱਕ ਛੋਟੀ ਜਿਹੀ ਗ਼ਲਤੀ ਵੀ ਮੈਨੂੰ ਵੱਡੀ ਲੱਗਦੀ ਸੀ। ਮੈਂ ਹਰ ਚੀਜ਼ ਵਿੱਚ ਨਿਪੁੰਨ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਅਦਾਕਾਰਾ ਨੇ ਅੱਗੇ ਦੱਸਿਆ, "ਜਦੋਂ ਵੀ ਕੋਈ ਫਿਲਮ ਰਿਲੀਜ਼ ਹੁੰਦੀ, ਮੈਂ ਕਿਸੇ ਦੀ ਗੱਲ ਨਹੀਂ ਸੁਣਨਾ ਚਾਹੁੰਦੀ ਸੀ ਅਤੇ ਪਹਿਲਾਂ ਖੁਦ ਨੂੰ ਇਹ ਕਹਿੰਦੀ ਕਿ 'ਮੈਂ ਇਹ ਚੰਗਾ ਨਹੀਂ ਕਰ ਸਕੀ ਤੇ ਜੇਕਰ ਅਗਲੀ ਵਾਰ ਅਜਿਹਾ ਕਰਨ ਦਾ ਮੌਕਾ ਮਿਲਿਆ ਤਾਂ ਮੈਨੂੰ ਹੋਰ ਬਿਹਤਰ ਕਰਨਾ ਚਾਹੀਦਾ ਹੈ। ਕੋਈ ਵੀ ਫ਼ਿਲਮ ਰਿਲੀਜ਼ ਹੋਣ ਤੋਂ ਬਾਅਦ ਮੈਂ ਘਰ ਜਾਂਦੀ ਅਤੇ ਰੋਂਦੀ-ਰੋਂਦੀ ਸੌਂ ਜਾਂਦੀ।

# ਕ੍ਰਿਤੀ ਸੈਨਨ ਦੀਆਂ ਪੰਜ ਫ਼ਿਲਮਾਂ ਇਸ ਵਰ੍ਹੇ ਰਿਲੀਜ਼ ਹੋਣਗੀਆਂ

ਮੁੰਬਈ-ਸਾਲ 2022 ਦੌਰਾਨ ਅਦਾਕਾਰਾ ਕ੍ਰਿਤੀ ਸੈਨਨ ਪੰਜ ਫਿਲਮਾਂ ਵਿੱਚ ਦਿਖਾਈ ਦੇਵੇਗੀ। ਇਹ ਫ਼ਿਲਮ ਵੱਖ ਵੱਖ ਸ਼ੈਲੀਆਂ ਵਿੱਚ ਹੈ, ਜਿਨ੍ਹਾਂ ਵਿੱਚ ਕ੍ਰਿਤੀ ਆਪਣੀ ਅਦਾਕਾਰੀ ਦੇ ਜਲਵੇ ਦਿਖਾਏਗੀ। ਅਦਾਕਾਰਾ ਨੇ ਕਿਹਾ ਕਿ ਪਿਛਲੇ ਸਾਲ ਰਿਲੀਜ਼ ਹੋਈ ਫਿਲਮ 'ਮਿਮੀ ਨੇ ਉਸ ਨੂੰ ਵੱਖਰੀ ਕਿਸਮ ਦੀਆਂ ਭੂਮਿਕਾਵਾਂ ਨਿਭਾਉਣ ਲਈ ਪ੍ਰੇਰਿਆ ਹੈ। ਬੀਤੇ ਸਾਲ ਦੀ ਗੱਲ ਕਰਦਿਆਂ ਅਦਾਕਾਰਾ ਨੇ ਕਿਹਾ, '2021 ਕੰਮ ਪੱਖੋਂ ਸ਼ਾਨਦਾਰ ਰਿਹਾ ਹੈ। ਦਰਸ਼ਕਾਂ ਵੱਲੋਂ 'ਮਿਮੀ ਨੂੰ ਦਿੱਤੇ ਪਿਆਰ ਨੇ ਨਾ ਸਿਰਫ਼ ਮੇਰਾ ਆਤਮ ਵਿਸ਼ਵਾਸ ਵਧਾਇਆ ਹੈ, ਸਗੋਂ ਅਦਾਕਾਰੀ ਦੇ ਖੇਤਰ ਵਿੱਚ ਹੋਰ ਡੂੰਘੇ ਅਤੇ ਵੱਖਰੀ ਕਿਸਮ ਦੇ ਕਿਰਦਾਰ ਨਿਭਾਉਣ ਲਈ ਵੀ ਪ੍ਰੇਰਿਆ ਹੈ। ਕ੍ਰਿਤੀ ਨੇ ਆਸ ਜਤਾਈ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਉਸ ਨੂੰ ਹੋਰ ਵੀ ਚੁਣੌਤੀਪੂਰਨ ਭੂਮਿਕਾਵਾਂ ਨਿਭਾਉਣ ਦਾ ਮੌਕਾ ਮਿਲੇਗਾ। ਆਪਣੀਆਂ ਆਉਣ ਵਾਲੀਆਂ ਫਿਲਮਾਂ ਦਾ ਜ਼ਿਕਰ ਕਰਦਿਆਂ ਕ੍ਰਿਤੀ ਨੇ ਕਿਹਾ, 'ਮੈਨੂੰ ਸਭ ਤੋਂ ਵੱਧ ਇਹ ਗੱਲ ਉਤਸ਼ਾਹਿਤ ਕਰ ਰਹੀ ਹੈ ਕਿ ਇਹ ਸਾਰੀਆਂ ਹੀ ਫਿਲਮਾਂ ਬਿਲਕੁਲ ਵੱਖਰੇ ਅੰਦਾਜ਼ ਅਤੇ ਆਧਾਰ ਵਾਲੀਆਂ ਹਨ। ਇਸ ਲਈ ਮੈਨੂੰ 2022 ਤੋਂ ਬਹੁਤ ਉਮੀਦਾਂ ਹਨ।



ਕ੍ਰਿਤੀ ਦੀਆਂ ਆਉਣ ਵਾਲੀਆਂ ਫਿਲਮਾਂ ਵਿੱਚ ਪ੍ਰਭਾਸ ਨਾਲ 'ਆਦਿਪੁਰਸ਼ ਅਕਸ਼ੈ ਕੁਮਾਰ ਨਾਲ 'ਬੱਚਨ ਪਾਂਡੇ , ਟਾਈਗਰ ਸ਼ਰੌਫ ਨਾਲ 'ਗਣਪਥ ਵਰੁਣ ਧਵਨ ਨਾਲ 'ਭੇੜੀਆ ਅਤੇ ਕਾਰਤਿਕ ਆਰਿਅਨ ਨਾਲ ਫਿਲਮ 'ਸਹਿਜ਼ਾਦਾ ਸ਼ਾਮਲ ਹਨ।

# 'ਛਕੜਾ ਐਕਸਪ੍ਰੈੱਸ' ਨਾਲ ਵਾਪਸੀ ਕਰੇਗੀ ਅਨੁਸ਼ਕਾ ਸ਼ਰਮਾ

ਮੁੰਬਈ-ਬਾਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਤਿੰਨ ਸਾਲ ਮਗਰੋਂ ਫ਼ਿਲਮ 'ਛਕੜਾ ਐਕਸਪ੍ਰੈੱਸ ਨਾਲ ਵਾਪਸੀ ਕਰਨ ਲਈ ਤਿਆਰ




ਹੈ। ਭਾਰਤੀ ਮਹਿਲਾ ਕ੍ਰਿਕਟ ਖਿਡਾਰਨ ਝੂਲਨ ਗੋਸਵਾਮੀ ਦੇ ਜੀਵਨ ਤੇ ਆਧਾਰਿਤ ਇਹ ਫਿਲਮ ਨੈੱਟਫਲਿਕਸ ਤੇ ਰਿਲੀਜ਼ ਹੋਵੇਗੀ। ਅਨੁਸ਼ਕਾ ਨੇ ਕਿਹਾ ਕਿ 'ਛਕੜਾ ਐਕਸਪ੍ਰੈੱਸ ਸੱਚਮੁਚ ਇੱਕ ਖਾਸ ਫ਼ਿਲਮ ਹੈ ਕਿਉਂਕਿ ਇਹ ਬਲੀਦਾਨ ਦੀ ਕਹਾਣੀ ਹੈ। ਫ਼ਿਲਮ ਦੀ ਕਹਾਣੀ ਸਭ ਨੂੰ ਪ੍ਰੇਰਿਤ ਕਰਦੀ ਹੈ ਕਿਉਂਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਝੂਲਨ ਗੋਸਵਾਮੀ ਮਹਿਲਾ ਕ੍ਰਿਕਟ ਵਿੱਚ ਵਿਸ਼ਵ ਦੀ ਪ੍ਰਸਿੱਧ ਸਲਾਮੀ ਬੱਲੇਬਾਜ਼ ਰਹੀ ਹੈ। ਅਦਾਕਾਰਾ ਨੇ ਕਿਹਾ ਕਿ ਜਦੋਂ ਔਰਤਾਂ ਖੇਡਣ ਬਾਰੇ ਸੋਚ ਵੀ ਨਹੀਂ ਸਕਦੀਆਂ ਸਨ, ਉਦੋਂ ਝੂਲਨ ਨੇ ਕ੍ਰਿਕਟਰ ਬਣ ਕੇ ਦੇਸ਼ ਦਾ ਨਾਮ ਪੂਰੀ ਦੁਨੀਆ ਵਿਚ ਚਮਕਾਇਆ। ਅਨੁਸ਼ਕਾ ਨੇ ਕਿਹਾ ਕਿ ਇਹ ਫ਼ਿਲਮ ਝੂਲਨ ਦੇ ਜਨੂੰਨ ਅਤੇ ਸੰਘਰਸ਼ ਨੂੰ ਪਰਦੇ ਤੇ ਦਿਖਾਏਗੀ। ਉਸ ਨੇ ਕਿਹਾ,"ਔਰਤ ਹੋਣ ਦੇ ਨਾਤੇ ਝੂਲਨ ਦੀ ਕਹਾਣੀ ਸੁਣ ਕੇ ਮੈਨੂੰ ਮਾਣ ਮਹਿਸੂਸ ਹੋਇਆ ਅਤੇ ਮੈਂ ਉਸ ਦੀ ਜ਼ਿੰਦਗੀ ਬਾਰੇ ਲੋਕਾਂ ਤੇ ਕ੍ਰਿਕਟ ਪ੍ਰੇਮੀਆਂ ਨੂੰ ਦੱਸਣ ਦੀ ਕੋਸ਼ਿਸ਼ ਕਰਾਂਗੀ। ਸਾਨੂੰ ਕ੍ਰਿਕਟ ਦੇਸ਼ ਹੋਣ ਦੇ ਨਾਤੇ ਆਪਣੀਆਂ ਮਹਿਲਾ ਕ੍ਰਿਕਟ ਖਿਡਾਰਨਾਂ ਨੂੰ ਉਨ੍ਹਾਂ ਦੇ ਹੱਕ ਦੇਣੇ ਪੈਣਗੇ। ਭਾਰਤੀ ਕ੍ਰਿਕਟ ਦੇ ਇਤਿਹਾਸ ਵਿੱਚ ਝੂਲਨ ਦੀ ਕਹਾਣੀ ਸੱਚਮੁੱਚ ਲਤਾੜੇ ਹੋਏ ਵਿਅਕਤੀ ਵਾਲੀ ਹੈ ਅਤੇ ਸਾਡੀ ਫ਼ਿਲਮ ਉਸ ਦੇ ਜਨੂੰਨ ਨੂੰ ਲੋਕਾਂ ਸਾਹਮਣੇ ਲਿਆਏਗੀ। ਉਸ ਨੇ ਕਿਹਾ ਕਿ ਖਿਡਾਰੀ ਦੇਸ਼ ਲਈ ਖੇਡਦੇ ਹਨ। ਇਹ ਫ਼ਿਲਮ ਅਨੁਸ਼ਕਾ ਦੇ ਭਰਾ ਕਰਨੇਸ਼ ਸ਼ਰਮਾ ਵੱਲੋਂ ਪ੍ਰੋਡਿਊਸ ਕੀਤੀ ਗਈ ਹੈ ਤੇ ਪ੍ਰੋਸਿਤ ਰੌਏ ਨੇ ਨਿਰਦੇਸ਼ਨ ਦਿੱਤਾ ਹੈ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com




KULDIP S PANESAR
Senior Mortgage Advisor
Cell: 604-308-6839

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



(ਸਫ਼ਾ 24 ਦੀ ਬਾਕੀ)

ਸ਼ਕਤੀ ਤੇ ਮਰਦਾਂ ਦੇ ਨਾਲ ਬਰਾਬਰੀ ਪ੍ਰਦਾਨ ਕਰਕੇ ਸਮਾਜ ਵਿਚ ਉਸਦਾ ਸਨਮਾਨਯੋਗ ਥਾਂ ਬਣਾਇਆ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਇਥੇ ਸਿੱਖਾਂ ਦੀ ਗੁਰੂ ਨਾਲ ਟੁੱਟੀ ਗੰਢੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿੱਖਾਂ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਦਿੱਤੇ ਬੇਦਾਵੇ ਨੂੰ ਪਾੜ ਕੇ ਉਨ੍ਹਾਂ ਨੂੰ ਮੁੜ ਆਪਣੇ ਸਿੱਖ ਪ੍ਰਵਾਨ ਕਰਕੇ ਗਲ਼ੇ ਨਾਲ ਲਾਇਆ। ਇਹ ਗੁਰੂ ਦੀ ਵਡਿਆਈ ਹੈ ਕਿ ਜੋ ਸਿੱਖ ਗ਼ਲਤੀ ਵੀ ਕਰਦਾ ਹੈ ਉਹ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਗੁਰੂ ਉਸ ਨੂੰ ਬਖਸ਼ ਦਿੰਦਾ ਹੈ:

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ**
**ਇਹੁ ਬਿਰਦੁ ਸੁਆਮੀ ਸੰਦਾ॥** (ਪੰਨਾ 544)

ਇਸ ਤਰ੍ਹਾਂ ਇਹ ਜੰਗ ਸਿਰਫ਼ ਦੁਨਿਆਵੀ ਵਾਕਿਆ ਹੀ ਨਹੀਂ ਸੀ ਇਸ ਦਾ ਅਧਿਆਤਮਕ ਮਹੱਤਵ ਵੀ ਸੀ। ਸੰਸਾਰਕ ਪੱਧਰ 'ਤੇ ਇਹ ਸ਼ਹੀਦ ਸਿੱਖੀ ਸਿਦਕ ਦਿ੍ੜ ਕਰਵਾ ਰਹੇ ਸਨ। ਦੈਵੀ ਪੱਧਰ 'ਤੇ ਉਹ ਹਉਮੈ ਦੀ ਕੰਧ ਤੋੜਕੇ ਸਚਿਆਰ ਬਣ ਕੇ ਪਰਮਾਤਮਾ ਦੇ ਘਰ ਵਿਚ ਪ੍ਰਵੇਸ਼ ਕਰ ਰਹੇ ਸਨ। ਅਕਾਲ ਪੁਰਖ ਦੀ ਸ਼ਕਤੀ ਕਰਕੇ ਹੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਸਿੱਖਾਂ ਨੇ ਵੱਡੀ ਗਿਣਤੀ ਵਿਚ ਆਈ ਫੌਜ ਨਾਲ ਯੁੱਧ ਕੀਤਾ। ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸਨਮੁੱਖ ਹੋ ਕੇ ਜੰਗ ਲੜੀ। ਦੁਨੀਆ ਦੇ ਇਨੇ ਮਹਾਨ ਯੁੱਧ ਹੋਏ ਹਨ, ਰਾਮਾਇਣ-ਮਹਾਂਭਾਰਤ ਤੋਂ ਲੈ ਕੇ ਦੋਵੇਂ ਵਿਸ਼ਵ ਯੁੱਧ ਤੇ ਭਾਰਤ-ਪਾਕਿਸਤਾਨ ਦੀਆਂ ਜੰਗਾਂ ਤੱਕ। ਇਹ ਯੁੱਧ ਬਰਾਬਰ ਦੀਆਂ ਫੌਜਾਂ ਵਿਚਕਾਰ ਹੋਏ ਸਨ, ਜਦੋਂ ਫ਼ੌਜਾਂ ਬਰਾਬਰ ਦੀਆਂ ਹੋਣ ਤਾਂ ਸਿਪਾਹੀਆਂ ਨੂੰ ਜਾਨ ਦਾ ਏਨਾ ਖ਼ਤਰਾ ਨਹੀਂ ਹੁੰਦਾ। ਉਹ ਹੌਂਸਲੇ ਨਾਲ ਲੜਦੇ ਹਨ ਪਰ ਜਦੋਂ ਇਕ ਪਾਸੇ 40 ਬੰਦੇ ਹੋਣ ਤੇ ਦੂਜੇ ਪਾਸੇ ਮੁਲਖਈਆ ਹੋਵੇ, ਉਸ ਵੇਲੇ ਦਲੇਰੀ ਨਾਲ ਕੋਈ ਵਿਰਲਾ ਹੀ ਲੜ ਸਕਦਾ ਹੈ। ਚਮਕੌਰ ਸਾਹਿਬ ਦੀ ਜੰਗ ਅਤੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਅਜਿਹੀਆਂ ਅਸਾਵੀਆਂ ਜੰਗਾਂ ਸਨ। ਇਨ੍ਹਾਂ ਵਿਚ ਸਿੱਖਾਂ ਦੇ ਮੁਕਾਬਲੇ ਦੁਸ਼ਮਣਾਂ ਦੀ ਗਿਣਤੀ ਬਹੁਤ ਵੱਡੀ ਸੀ। ਇਸ ਵੇਲੇ ਵੀ ਖਾਲਸੇ ਨੇ ਜਿਸ ਦਲੇਰੀ ਅਤੇ ਸਾਬਿਤ ਕਦਮੀ ਨਾਲ ਦੁਸ਼ਮਣ ਦੇ ਆਹੂ ਲਾਹੇ ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਇਸ ਜੰਗ ਵਿਚ ਸਿੰਘਾਂ ਨੇ ਮੌਤ ਦਾ ਭੈਅ ਉਤਾਰ ਕੇ ਜਿੰਨੇ ਵੀ ਸੁਆਸ ਉਨ੍ਹਾਂ ਨੂੰ ਮਿਲੇ ਤੇਗ ਦੇ ਜੌਹਰ ਵਿਖਾਏ। ਉਨ੍ਹਾਂ ਨੇ ਵੈਰੀ ਨੂੰ ਜਿੱਤਣ ਦੀ ਅਤੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਇਹ ਭਾਵਨਾ ਆਖਰੀ ਦਮ ਤਕ ਕਾਇਮ ਰਹੀ। ਭਾਵੇਂ ਉਹ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਮਨਾਂ ਵਿਚ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੀ ਧੁਨੀ ਗੂੰਜ ਰਹੀ ਸੀ। ਉਹ ਸ਼ਹੀਦ ਹੋ ਕੇ ਵੀ ਜੇਤੂ ਸਨ। ਕਿਉਂਕਿ ਉਹ ਪੂਰਨ ਖਾਲਸਾ ਪਰਮਾਤਮਾ ਦਾ ਰੂਪ ਬਣ ਚੁੱਕੇ ਸਨ। ਉਨ੍ਹਾਂ ਨੇ ਮੌਤ ਨੂੰ ਵੀ ਜਿੱਤ ਲਿਆ ਸੀ। ਉਹ ਅਮਰ ਹੋ ਕੇ ਮੁਕਤ ਮੰਡਲ ਦੇ ਵਾਸੀ ਹੋ ਗਏ ਸਨ। ਵਾਹਿਗੁਰੂ ਜੀ ਕੀ ਸਦੀਵੀ ਫ਼ਤਹ ਉਨ੍ਹਾਂ ਦੇ ਅੰਗ-ਸੰਗ ਸੀ। ਅਜਿਹੀ ਵਿਲੱਖਣ ਅਤੇ ਅਲੌਕਿਕ ਵਿਰਾਸਤ ਦੀ ਮਾਲਕ ਸਿੱਖ ਕੌਮ ਅੰਦਰ ਅੱਜ ਜੋ ਅਚਾਰ, ਵਿਹਾਰ, ਸੰਜਮ ਅਤੇ ਸਭਿਆਚਾਰਕ ਪੱਧਰ ਉੱਤੇ ਆ ਰਿਹਾ ਨਿਘਾਰ ਅਤਿ ਚਿੰਤਾ ਦਾ ਵਿਸ਼ਾ ਹੈ। ਅੱਜ ਲੋੜ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰੀਏ, ਆਪਣੀ ਮਹਾਨ ਵਿਰਾਸਤ ਤੋਂ ਜਾਣੂ ਹੋਈਏ ਅਤੇ ਗੁਰਮਤਿ ਸਿਧਾਂਤ ਤੋਂ ਸੇਧ ਲੈ ਕੇ ਖਾਲਸਾਈ ਰੂਪ ਵਿਚ ਵਿਚਰੀਏ! ਇਸ ਮਹਾਨ ਕਾਰਜ ਲਈ ਸਮੂਹ ਸਿੱਖ ਸੰਸਥਾਵਾਂ, ਸੰਪਰਦਾਵਾਂ, ਸਿੱਖ ਬੁੱਧੀਜੀਵੀਆਂ, ਮਹਾਂਪੁਰਖਾਂ ਅਤੇ ਖਾਸ ਕਰਕੇ ਮਾਪਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਹੰਭਲਾ ਮਾਰਨਾ ਹੋਵੇਗਾ। ਆਓ! ਅੱਜ ਉਨ੍ਹਾਂ ਮਹਾਨ 40 ਮੁਕਤਿਆਂ ਨੂੰ ਪੂਰੀ ਸ਼ਰਧਾ ਸਤਿਕਾਰ ਅਤੇ ਸਨਮਾਨ ਨਾਲ ਸੀਸ ਝੁਕਾਈਏ ਅਤੇ ਸਤਿਗੁਰ ਦੇ ਦੱਸੇ ਮਾਰਗ ਉੱਤੇ ਚੱਲਣ ਦਾ ਪ੍ਰਣ ਕਰੀਏ!



MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।



- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# The Right Realtors for Today's Market

## *For Buying & Selling of your Property call*

ਨਵੇਂ ਸਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਦੇ ਪ੍ਰਕਾਸ਼ ਉਤਸਵ, ਲੋਹੜੀ ਅਤੇ ਮਾਘੀ ਦੀਆਂ
ਆਪ ਸਭ ਨੂੰ ਲੱਖ-ਲੱਖ ਵਧਾਈਆਂ !







**Kanwalpreet Sekhon**
ਕੰਵਲਪ੍ਰੀਤ ਸਿੰਘ ਸੇਖੋਂ
**604-825-2281**
kanwal_sekhon@hotmail.com

**Bhupinderjit Sekhon**
ਭੁਪਿੰਦਰਜੀਤ ਸਿੰਘ ਸੇਖੋਂ
**604-825-2046**
bhupinder.sekhon73@gmail.com

PLANET GROUP REALTY INC.

## PLANET GROUP REALTY INC.

**#266-8128 128 St, Surrey**
**T: 604-572-1008, F: 604-572-3008**



HAPPY LOHRI
fruiticana hee jaana!
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Spinach ਪਾਲਕ $1.79 bunch
Fresh Garlic ਤਾਜ਼ਾ ਲਸਣ $1.49 lb
Almonds Supreme #1 ਬਦਾਮ ਪ੍ਰੀਮੀਯਮ ਸਾਈਜ਼ ੧ $4.49 lb
Nanak Rasmalai 3 Flavours 850 g ਨਾਨਕ ਰਸਮਲਾਈ ਵੱਖ-ਵੱਖ ਫਲੇਵਰ $7.99 pkg.
Nanak Gulabjamun 908 g ਨਾਨਕ ਗੁਲਾਬ ਜਾਮੁਨ $6.99 pkg.
Nanak Aloo Tikki ਨਾਨਕ ਆਲੂ ਟਿੱਕੀ $5.99 pkg.
Extra Extra Super Special
Golden Temple Flour 20 lbs ਗੋਲਡਨ ਟੈਂਪਲ ਆਟਾ $9.98 bag
Extra Super Super Special
Roasted Peanuts in Shell ਭੁੱਜੀ ਮੂੰਗਫਲੀ $1.98 lb
Extra Super Super Special
Fresh Ginger ਤਾਜ਼ਾ ਅਦਰਕ 99¢ lb
Super Special
Roma Tomatoes ਰੋਮਾ ਟਮਾਟਰ 99¢ lb
Super Special
Fresh Green Sugarcane ਤਾਜ਼ਾ ਗੰਨਾ $1.99 ea.
Super Special
Rapini (Sarson da Saag) ਸਰਸੋਂ ਦਾ ਸਾਗ $2.99 bunch
Super Special
Punjabi Pure Cane Sugar (Indican) 8 lbs ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ $4.99 bag
Super Special
Broccoli Crown ਬਰੌਕਲੀ ਕਰਾਉਨ $1.49 lb
Super Special
Nanak Fresh Paneer 341 g ਨਾਨਕ ਪਨੀਰ $4.49 ea.
Cilantro ਧਨੀਆ 2 bunches for $1.50
Russet Potatoes 10 lbs ਆਲੂ ਰਸਟ ਸਨੋਬੁਆਏ $3.49 bag
Opo Squash ਓਪੋ ਕੱਦੂ 88¢ lb
Large Seedless Oranges ਵੱਡੇ ਸੰਤਰੇ (ਬਿਨਾਂ ਬੀਜ ਤੋਂ) 98¢ lb
Red Delicious Apples USA #1 ਲਾਲ ਸਵਾਦ ਸੇਬ ਯੂ.ਐਸ.ਏ #੧ 98¢ lb
Chickpeas 4 lbs Indican ਇੰਡੀਕੇਨ ਚਿੱਟੇ ਛੋਲੇ $3.99 bag
Maggi Masala Noodles 70 g ਮੈਗੀ ਮਸਾਲਾ ਨੂਡਲਸ 35¢ ea.
Indican Almond Oil 1 L ਇੰਡੀਕੇਨ ਬਦਾਮ ਦਾ ਤੇਲ $12.99 bottle
Punjabi Cookies New Crunch & Indican 2.2 lbs ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ $5.99 pkg.
Green Elaichi (Cardamom) S.G ਹਰੀ ਇਲਾਇਚੀ (ਐੱਸ. ਜੀ) $18.99 lb
Pesi Gur Plain ਪੇਸ਼ੀ ਗੁੜ $2.49 lb
Product images may differ from the actual product.
Fri Jan 07, 2022 - Thur Jan 13, 2022
We reserve the right to limit the quantities while they last
Specials valid for Lower Mainland only
fruiticana SINCE 1994
Head Office: 7676 Anvil Way, Surrey
604-502-0005
www.fruiticana.com
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
BUSINESS HOURS
9 AM - 8 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ----------- 12788 76A Ave. Surrey ---- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520